# ਮਖੌਟਿਆਂ ਦੇ ਆਰ-ਪਾਰ

(ਕਾਵਿ-ਸੰਗ੍ਰਹਿ)

ਇਸੇ ਕਲਮ ਤੋਂ

- ਭਲਾ ਮੈਂ ਕੌਣ (ਇਕਾਂਗੀ ਸੰਗ੍ਰਹਿ) 2009

# ਮਖੌਟਿਆਂ ਦੇ ਆਰ-ਪਾਰ

(ਕਾਵਿ-ਸੰਗ੍ਰਹਿ)

ਪਰਮਿੰਦਰ ਕੌਰ ਸਵੈਚ

ਬਲਰਾਜ ਸਾਹਨੀ ਯਾਦਗਾਰੀ ਪ੍ਰਕਾਸ਼ਨ ਬਠਿੰਡਾ

**Makhautyan De Aar Par**

Poems by:
**Parminder Kaur Swaich**
14070, King Road,
Surrey B.C.
V3R OM1
**CANADA**
Phone : 001-604-580-6651
001-604-760-4794

Published by:
**Balraj Sahni Yadgari Parkashan**
Katha Niwas, B-6, Guru ki nagri,
Bathinda.Ph. 0164-2214386, 94175-81936

© ਕਵਿਤਰੀ

ਪਹਿਲੀ ਵਾਰ : 2010

ਪ੍ਰਕਾਸ਼ਕ:
ਬਲਰਾਜ ਸਾਹਨੀ ਯਾਦਗਾਰੀ ਪ੍ਰਕਾਸ਼ਨ
ਕਥਾ ਨਿਵਾਸ, ਬੀ-6, ਗੁਰੂ ਕੀ ਨਗਰੀ
ਬਠਿੰਡਾ. ਫੋਨ: 0164-2214386, 94175-81936

ਟਾਈਟਲ : ਸੁਖਵੰਤ

ਟਾਈਪ ਸੈਟਿੰਗ :
P GRAPHICS 94179-54581

ਛਾਪਕ :
ਆਰ.ਕੇ. ਆਫਸੈਟ, ਦਿੱਲੀ

ਮੁੱਲ : 100 ਰੁਪਏ
5 ਡਾਲਰ
50 ਰੁਪਏ (ਪੇਪਰ ਬੈਕ)

ਮਨੁੱਖੀ ਆਜ਼ਾਦੀ, ਖੁਸ਼ਹਾਲੀ ਤੇ ਬਰਾਬਰਤਾ ਲਈ ਸ਼ਹੀਦ ਹੋਏ

ਤੇ

ਅੱਜ ਵੀ ਜੂਝਦੇ ਸੰਗਰਾਮੀ ਲੋਕਾਂ ਦੇ ਨਾਂ

# ਤਤਕਰਾ


1. ਪਰਮਿੰਦਰ ਸਵੈਚ ਦੀ ਕਵਿਤਾ ਦੇ ਰੂ-ਬਰੂ
2. ਮਖੌਟਿਆਂ ਦੀ ਪਾਰ ਦਰਸ਼ਤਾ ਦੀ ਹਾਮੀ ਪਰਮਿੰਦਰ
3. ਕੁਝ ਸ਼ਬਦ ਆਪਣੇ ਵਲੋਂ ਕਵਿਤਾ ਦੇ ਅੰਗ ਸੰਗ
4. ਪੰਜਾਬ
5. ਇਨਸਾਫ਼
6. ਉਹ ਆਜ਼ਾਦ ਹੈ
7. ਅੱਖੀਂ ਦੇਖ ਕੇ ਮੱਖੀ ਨਿਗ਼ਲਣਾ
8. ਸ਼ਹੀਦੀ ਦਿਨ 'ਤੇ
9. ਅੰਧ ਵਿਸ਼ਵਾਸ
10. ਵਿਅਕਤੀਤਵ
11. ਸਾਹਿਤਕਾਰ-1
12. ਧਰਮ ਦੇ ਅਰਥ
13. ਉਦੋਂ ਤੇ ਹੁਣ
14. ਰਾਜ਼ ਪਿਛਲੇ ਜਨਮ ਦਾ
15. ਮੈਂ ਚਾਹੁੰਦੀ ਹਾਂ
16. ਰੱਖੜੀ
17. ਸੁਨੇਹਾ
18. ਉਡੀਕ
19. 15 ਅਗਸਤ
20. ਸ਼ਹੀਦ ਭਗਤ ਸਿੰਘ ਦੇ ਜਨਮ ਦਿਨ 'ਤੇ
21. ਪਰਿਵਰਤਨ
22. ਸਰਬ-ਸ਼ਕਤੀਮਾਨ
23. ਬਦਲਦੇ ਮੌਸਮ
24. ਸਾਹਿਤਕਾਰ-2
25. ਜਾਗਦੇ ਰਹੋ
26. ਗਰੀਬੀ
27. ਸ਼ਰਾਬ
28. ਔਰਤ
29. ਵਿਸ਼ਵਾਸ
30. ਇੱਕ ਵਾਰ ਪੁੱਛੋ ਤਾਂ ਸਹੀ
31. ਪਿਆਰ ਦਾ ਜ਼ਜ਼ਬਾ
32. ਪਛਾਣ
33. ਧਰਮੀ
34. ਅੰਤਹਕਰਣ
35. ਚਿਰਾਗ
36. ਪੱਚੀ ਸਾਲ ਬਾਅਦ
37. ਸੂਰਜ ਤੇ ਪਤੰਗਾ
38. ਹਿੰਦਸੇ
39. ਹੱਥਾਂ ਦੀਆਂ ਲਕੀਰਾਂ
40. ਮਈ ਦਿਵਸ
41. ਬੁੱਕਲ ਦੇ ਸੱਪ
42. ਹਲਚਲ
43. ਜੰਗਲ ਦੇ ਵਾਸੀ
44. ਲੋਕਤੰਤਰ
45. ਮੈਂ ਦੋਸ਼ੀ ਹਾਂ
46. ਟਾਈਮ ਫ਼ਾਰ ਚੇਂਜ਼
47. ਔਜ਼ਾਰ
48. ਮਖੌਟਿਆਂ ਦੇ ਆਰ ਪਾਰ

# ਪਰਮਿੰਦਰ ਸਵੈਚ ਦੀ ਕਵਿਤਾ ਦੇ ਰੂ-ਬਰੂ

ਲ਼ੋਕੋ!
ਤੁਹਾਡੇ ਹੱਥ ਤੇ ਮੱਥੇ ਦੀਆਂ ਲਕੀਰਾਂ,
ਤੁਹਾਡੀਆਂ ਉਜੜੀਆਂ ਤਕਦੀਰਾਂ,
ਤੁਹਾਡੇ ਪਿੱਤਰਾਂ ਦੀਆਂ ਵੰਗਾਰਾਂ,
ਤੁਹਾਡੇ ਕਰਮਾਂ ਦੀਆਂ ਮਾਰਾਂ
ਦਾ ਲੇਖਾ
ਕਿਸੇ ਧਰਮਰਾਜ ਦੀ ਵਹੀ ਵਿੱਚ ਨਹੀਂ
ਸਗੋਂ ਉਹ ਤਾਂ ਹੈ
ਇਸ ਦੰਭੀ ਸਿਆਸਤ ਦੇ ਰਜਿਸਟਰਾਂ ਵਿੱਚ
ਜਿਥੋਂ ਹੁੰਦੇ ਨੇ ਤੁਹਾਡੀਆਂ
ਤਕਦੀਰਾਂ ਦੇ ਫ਼ੈਸਲੇ।

ਕਲਮ ਦੀ ਪੁਖ਼ਤਗੀ ਤੇ ਡੰਕੇ ਦੀ ਚੋਟ 'ਤੇ ਬੋਲਿਆ ਗਿਆ ਸੱਚ ਹੀ ਪਰਮਿੰਦਰ ਸਵੈਚ ਦੀ ਪਹਿਚਾਣ ਹੈ, ਉਸਦੀ ਤਰਕਸ਼ੀਲ ਸੋਚ ਦੀ ਕੈਂਚੀ, ਦੁਆਲੇ ਪੱਸਰੇ ਦੰਭ ਤੇ ਝੂਠ ਦੇ ਟੁਕੜੇ ਟੁਕੜੇ ਕਰਦੀ ਸਾਫ਼ ਦਿਖਾਈ ਦਿੰਦੀ ਹੈ।ਉਹ ਡਰਾਮੇ ਦੀ ਦੁਨੀਆਂ ਦੀ ਸ਼ਾਹਸਵਾਰ ਹੈ ਪਰ ਓਨੀ ਹੀ ਉਚੀ ਸੁਰ ਲੈ ਕੇ ਕਵਿਤਾ ਦੇ ਪਿੜ ਵਿੱਚ ਉਤਰੀ ਹੈ।ਉਸਦੀ ਕਵਿਤਾ ਰੂਹ ਦੇ ਸੱਚ ਵਿਚੋਂ ਨਿਕਲਦੀ ਤੇ ਸਿੱਧੀ ਸੁਣਨ ਵਾਲਿਆਂ ਦੀ ਰੂ਼ਹ ਤੱਕ ਅੱਪੜ ਜਾਂਦੀ ਹੈ।

ਮੈਂ ਜਦੋਂ ਪਰਮਿੰਦਰ ਦੀ ਕਵਿਤਾ ਦੇ ਰੂ-ਬਰੂ ਹੋਈ ਤਾਂ ਉਹ ਮੈਨੂੰ ਨਵੀਂ ਤੇ ਓਪਰੀ ਨਹੀਂ ਲੱਗੀ ਸਗੋਂ ਸੁਲਝੀ ਤੇ ਪੁਖਤਾ ਲੱਗੀ।ਬਦਲਦੇ ਵਕਤ ਨਾਲ ਕਾਵਿਕ ਪ੍ਰਸੰਗ ਬਦਲੇ ਹਨ, ਰੂਪ ਤੇ ਰੰਗ ਬਦਲੇ ਹਨ, ਕਵਿਤਾ ਦਾ ਮੁਹਾਂਦਰਾ ਬਦਲ ਗਿਆ ਹੈ। ਜ਼ਿੰਦਗੀ ਨਾਲ ਜੂਝਦਿਆਂ, ਲਹੂ ਲੁਹਾਣ, ਮੁੜ੍ਹਕੋ ਮੁੜ੍ਹਕੀ ਹੁੰਦਿਆਂ, ਪਥਰੀਲੀਆਂ ਰਾਹਾਂ ਤੇ ਤੁਰਦਿਆਂ ਜੋ ਕਵਿਤਾ ਉਪਜਦੀ ਹੈ ਉਹ ਇਸ਼ਕ ਮੁਸ਼ਕ ਦੀ ਗੱਲ ਨਹੀਂ ਕਰਦੀ। ਜ਼ੁਲਫਾਂ ਤੇ ਨਜ਼ਰ ਦੇ ਤੀਰਾਂ ਦੀ ਗੱਲ ਨਹੀਂ ਕਰਦੀ ਸਗੋਂ ਜ਼ਿੰਦਗੀ ਦੀ ਗੱਲ ਕਰਦੀ ਹੈ।ਅੱਜ ਦੇ ਕਈ ਮੂਹਰਲੀ ਕਤਾਰ ਦੇ ਮਹਾਂਰਥੀ ਕਵੀ ਜ਼ਿੰਦਗੀ ਦੇ ਸੱਠਵੇਂ, ਸੱਤਰਵੇਂ ਦਹਾਕੇ ਵਿੱਚ ਅੱਪੜਕੇ ਵੀ ਇਸ਼ਕ ਦੀ ਗੱਲ ਕਰਦੇ ਹਨ।ਉਹ ਆਖਦੇ ਹਨ ਇਸ਼ਕ, ਪਿਆਰ, ਮੁਹੱਬਤ ਹੀ ਕਵਿਤਾ ਦਾ ਧੁਰਾ ਹੈ ਪਰ

ਔਰ ਭੀ ਗਮ ਹੈਂ ਜ਼ਮਾਨੇ ਮੇਂ
ਮੁਹੱਬਤ ਕੇ ਸਿਵਾ।



ਕਹਿਣ ਵਾਲੇ ਵੀ ਸੱਚ ਹੀ ਆਖਦੇ ਹਨ।ਪਰ ਕਵਿਤਾ ਤਾਂ ਜ਼ਿੰਦਗੀ ਦੀ ਤਰਜ਼ਮਾਨੀ ਕਰਦੀ ਤਸਵੀਰ ਹੋਣੀ ਚਾਹੀਦੀ ਹੈ ਜਿਸ ਵਿੱਚੋਂ ਗੁਜ਼ਰ ਰਹੇ ਜ਼ਮਾਨੇ ਦੀ ਨੁਹਾਰ ਦਿਸੇ।

"We look before and after
And pine for what is not
Our sweetest songs are those
Tell of saddest songs."

ਅੰਗਰੇਜ਼ੀ ਦਾ ਕਵੀ P.B.Shelley ਵੀ ਵਕਤ ਦੀ ਗੱਲ ਕਰਦਾ ਹੈ। ਪੀੜ ਦੀ ਨਿਰਾਸ਼ਤਾ ਦੀ ਗੱਲ ਕਰਦਾ ਹੈ।ਪਰਮਿੰਦਰ ਦੀ ਕਵਿਤਾ ਜ਼ਿੰਦਗੀ ਦੀ ਕਸ਼ਮਕਸ਼, ਦੁੱਖਾਂ ਸੁੱਖਾਂ ਤੇ ਗੁਜ਼ਰ ਰਹੇ ਵਕਤਾਂ ਦੀ ਤਰਜ਼ਮਾਨੀ ਕਰਦੀ ਹੈ।ਕਵਿਤਾ ਤਾਂ ਕਵਿਤਾ ਹੈ, ਹਮੇਸ਼ਾਂ ਕੁਝ ਕਹਿੰਦੀ ਸਵੱਛ ਨਿਰਮਲ ਜਲ ਵਾਂਗ ਰੂਹ ਦੇ ਜਿਸ ਭਾਂਡੇ ਵਿੱਚ ਪਾ ਦਿਓ ਉਹੋ ਹੀ ਰੂਪ ਧਾਰਨ ਕਰ ਲੈਂਦੀ ਹੈ।ਜਿਹੋ ਜਿਹੀ ਕਵੀ ਦੀ ਰੂਹ ਹੋਵੇਗੀ, ਉਹੋ ਜਿਹੀ ਹੀ ਉਸਦੀ ਕਵਿਤਾ ਹੋਵੇਗੀ। ਇਸ ਦੀ ਕਵਿਤਾ ਵਿੱਚ ਬਿਮਾਰੀ ਦੀ ਨਿਸ਼ਾਨਦੇਹੀ ਵੀ ਹੈ ਤੇ ਇਲਾਜ ਦੀ ਸੇਧ ਵੀ ਹੈ। ਜਦੋਂ ਪਰਮਿੰਦਰ ਲਿਖਦੀ ਹੈ:-

ਸਵਾਲ ਹੈ:- ਮੈਂ ਦੱਸਾਂਗੀ ਤੁਹਾਨੂੰ
ਤੁਹਾਡੇ ਨਛੱਤਰ ਚਮਕਣਗੇ ਕਿਸ ਤਰਾਂ?
ਜਵਾਬ ਦੇਖੋ:- ਜਿਸ ਦਿਨ ਤੁਸੀਂ ਸੋਚਣ ਲੱਗੋਗੇ
ਹਰੇਕ ਰਹੱਸ ਦੀਆਂ ਪਰਤਾਂ ਬਾਰੇ
ਗਿਆਨ ਵਿਗਿਆਨ ਬਾਰੇ
ਕਰਮਾਂ ਤੇ ਕਿਸਮਤ ਦੇ ਰਹੱਸਾਂ ਬਾਰੇ
ਤੇ ਪਰਖੋਗੇ ਹਰੇਕ ਗੱਲ ਨੂੰ
ਕੀ, ਕਿਉਂ, ਕਿਵੇਂ, ਕਦੋਂ ਤੇ ਕੌਣ ਦੀ ਕਸਵੱਟੀ ਤੇ।

ਕਵਿਤ੍ਰੀ ਦਾ ਹਸਾਸ ਮਨ ਜਿਸ ਧਰਤ ਤੇ ਵਿਚਰਦਾ ਹੈ ਉਸਦੀ ਗੱਲ ਕਰਦਾ ਹੈ। ਖ਼ਿਆਲੀ ਪਲਾਅ ਨਹੀਂ ਪਕਾਉਂਦਾ। ਤਲਖ਼ ਸੱਚਾਈ ਲਿਖਦੀ ਹੈ ਜਦੋਂ ਘਰ ਬਾਰੇ ਲਿਖਦੀ ਹੈ।ਕਵਿਤਾ ਅਮੀਰ ਤੇ ਗਰੀਬ ਵਿਚਲੇ ਪਾੜੇ ਵਿੱਚ ਪੁੱਠੀ ਲਮਕੀ ਜ਼ਿੰਦਗੀ ਦੀ ਗੱਲ ਕਰਦੀ ਹੈ।

ਹੇਸਟਿੰਗਜ਼ 'ਤੇ ਚੀਥੜਿਆਂ ਵਿੱਚ
ਲਿਪਟਿਆਂ ਲਈ
ਸਟੋਰ ਦੀ ਬੱਘੀ ਹੀ ਬਣ ਜਾਂਦੀ ਹੈ
ਪੂਰਾ ਸੂਰਾ ਘਰ

ਜਿਊਣ ਲਈ, ਰਹਿਣ ਲਈ
ਤੇ ਮਰ ਜਾਣ ਲਈ ਵੀ।
ਹੋਰ ਵੇਖੋ:-
ਇਹ ਜ਼ਰੂਰੀ ਤੇ ਨਹੀਂ
ਕਿ ਚੜ੍ਹਦਾ ਸੂਰਜ ਨਿੱਘ ਹੀ ਦੇਵੇ
ਇਸਦੀ ਕੋਸੀ ਧੁੱਪ ਮਹਿਕ ਹੀ ਦੇਵੇ
ਸੂਰਜ ਦੀ ਤਪਸ਼ ਲੂਹ ਵੀ ਸਕਦੀ ਹੈ।
ਉਹਨਾਂ ਨੂੰ ਜਿਨ੍ਹਾਂ ਨੇ ਮਾਰੂਥਲ ਵਿੱਚ
ਸੁਪਨਾ ਲਿਆ ਹੈ, ਡੂੰਘੇ ਪਾਣੀਆਂ ਦਾ।

"ਬਦਲਦੇ ਮੌਸਮ" ਕਵਿਤਾ ਵਿਚੋਂ ਉਪਰੋਕਤ ਸਤਰਾਂ ਬਹੁਤ ਡੂੰਘੇ ਅਰਥ ਰੱਖਦੀਆਂ ਹਨ।ਉਮੀਦ ਹੀ ਨਹੀਂ ਸਗੋਂ ਵੰਗਾਰ ਹੈ।

ਜਦੋਂ ਮੌਸਮ ਤੂੰ ਲਿਆਵੇਂਗਾ
ਜਦੋਂ ਮੌਸਮ ਤੇਰਾ ਆਵੇਗਾ
ਫਿਰ ਜ਼ਰੂਰ ਹੀ ਬਦਲਦੇ ਮੌਸਮ
ਸਭ ਨੂੰ ਪੋਹ ਜਾਣਗੇ।

ਇਹ ਕਵਿਤਾ ਸੁਪਨੇ ਦੀ, ਚਾਨਣ ਦੀ ਉਮੀਦ ਦੀ ਜਗਮਗਾਹਟ ਨਾਲ ਛੰਮ ਛੰਮ ਕਰਦੀ ਹੈ।ਅਜੋਕੀ ਤਰਕਸ਼ੀਲ ਸੋਚ ਦੀ ਤਸਦੀਕ ਕਰਦੀ, ਤਰਕ ਦੀ ਕੈਂਚੀ ਨਾਲ ਕੁਫਰ ਛਾਂਗਦੀ ਉਸਦੀ ਕਵਿਤਾ ਧਾਰਮਕ ਕੱਟੜਤਾ, ਅੰਧਵਿਸ਼ਵਾਸ ਵਿੱਚ ਫਸੇ ਆਮ ਮਨੁੱਖ ਨੂੰ ਜਾਗਣ ਲਈ ਝੰਜੋੜਦੀ ਹੈ-

ਉਹ ਮਿਥਿਹਾਸ ਦੇ ਪੰਨਿਆਂ ਨੂੰ
ਪਲਟ ਕੇ ਕਰਦੇ ਹਨ ਸਵਾਲ
ਮੈਂ ਵਿਗਿਆਨ ਤੇ ਯਥਾਰਥ ਦੀ
ਕਸਵੱਟੀ ਦੀ ਕੀਤੀ ਹੈ ਗੱਲ
ਉਹ ਕਸੂਰਵਾਰ ਕਹਿੰਦੇ ਨੇ ਮੈਨੂੰ।

ਤਰਕਸ਼ੀਲ ਸੋਚ ਹਮੇਸ਼ਾਂ ਸਮਿਆਂ ਦੇ ਧਾਰਮਕ ਸੱਚ, ਅੰਧਵਿਸ਼ਵਾਸ ਤੇ ਉਸਦੀ ਛਾਂ ਹੇਠਾਂ ਪਲ ਰਹੇ ਪਖੰਡਵਾਦ ਨੂੰ ਕੱਟਦੀ ਆਈ ਹੈ।ਪਰਮਿੰਦਰ ਦੀ ਬਾਬੇ ਨਾਨਕ ਬਾਰੇ ਲਿਖੀ ਕਵਿਤਾ ਦਾ ਧਰਾਤਲ ਵੱਖਰਾ ਹੈ, ਉਸਦਾ ਰੂਪ ਰੰਗ ਵੱਖਰਾ ਹੀ ਹੈ।

ਉਦੋਂ ਵੀ ਉਹ ਮੇਰਾ ਬਾਬਾ ਸੀ
ਹੁਣ ਵੀ ਉਹ ਮੇਰਾ ਬਾਬਾ ਹੈ,
ਉਦੋਂ ਬਾਬਾ ਮੈਨੂੰ ਭਾਰਤ ਦੇ ਤੇਤੀ ਕਰੋੜ



ਦੇਵਤਿਆਂ ਵਰਗਾ ਦੇਵਤਾ ਲੱਗਦਾ ਸੀ।
ਅੱਜ ਬਾਬਾ ਮੈਨੂੰ
ਇੱਕ ਲੋਕ ਕਵੀ ਲੱਗਦੈ
ਜਿਸਦੀ ਕਵਿਤਾ ਵਿੱਚ ਕਲਪਨਾ, ਪ੍ਰਤਿਭਾ,
ਅਲੰਕਾਰ, ਬਿੰਬ, ਸਿਰਜਣਾਤਮਕ ਭਾਵ
ਪਏ ਨੇ ਉਕਰੇ।
ਨਤੀਜਾ—
ਆਓ ਬਾਬੇ ਨੂੰ ਦੇਵਤਾ ਨਾ ਬਣਾਈਏ
ਨਾ ਕਰੀਏ ਗੁਰਦੁਵਾਰਿਆਂ ਵਿੱਚ ਕੈਦ।

ਕਿਉਂਕਿ ਬਾਬਾ ਨਾਨਕ ਜਾਗਦੀ ਸੋਚ ਦਾ ਧਾਰਨੀ ਹੈ, ਉਹ ਲੋਕ ਕਵੀ ਹੈ ਉਸਦੀ ਜ਼ਮੀਰ ਮਾਰਦੀ ਹੈ ਠੋਹਕਰ ਸ਼ਾਹੀ ਮਹਿਲਾਂ ਨੂੰ ਤੇ ਮਾਰਦੀ ਹੈ ਤਾਹਨਾ ਰੱਬ ਨੂੰ-

"ਏਤੀ ਮਾਰ ਪਈ ਕੁਰਲਾਣੈ
ਤੈਂ ਕੀ ਦਰਦ ਨਾ ਆਇਆ"

ਹੁਣ ਕਵਿਤਰੀ ਲਿਖਦੀ ਹੈ-

ਹੁਣ ਪਹਿਲਾਂ ਵਾਂਗ ਮੈਨੂੰ
ਬਾਬਾ ਸਮਾਧੀ ਵਾਲਾ
ਸਿਰ ਤੇ ਸੂਰਜ ਦੇ ਚੱਕਰ ਵਾਲਾ
ਸ਼ਾਂਤ ਚਿਤ, ਕਰਾਮਾਤੀ ਬਾਬਾ ਨਹੀਂ ਲੱਗਦਾ।

ਸਗੋਂ ਉਹ ਪ੍ਰੈਕਟੀਕਲ ਜ਼ਿੰਦਗੀ ਜਿਊਂਦਾ-ਜੂਝਦਾ ਸੱਚ ਨਾਲ ਲੜਦਾ ਤਰਕਸ਼ੀਲ ਰਹਿਨੁਮਾ ਲੱਗਦਾ ਹੈ ਦੇਵਤਾ ਨਹੀਂ।ਇਸ ਕਵਿਤਾ ਦੀਆਂ ਬਹੁਤ ਪਰਤਾਂ ਹਨ। ਸੱਚ ਤੇ ਅੱਪੜਣ ਲਈ ਤੇ ਆਪਣਾ ਸੱਚ ਪਾਠਕਾਂ ਤੱਕ ਅਪੜਦਾ ਕਰਨ ਲਈ ਕੀਤਾ ਹਰ ਯਤਨ ਸਾਰਥਕ ਹੈ।

ਔਰਤ ਦੀ ਗੱਲ ਵੀ ਪਰਮਿੰਦਰ ਦੀ ਕਵਿਤਾ ਦਾ ਇੱਕ ਪਰਪੱਕ ਪਹਿਲੂ ਹੈ। ਔਰਤ ਦੀ ਸੋਚ, ਉਸਦੀ ਆਜ਼ਾਦੀ, ਉਹਨਾਂ ਦਾ ਨਿੱਤ ਬਦਲ ਰਿਹਾ ਰੂਪ, ਸਮਾਜਿਕ ਕੁਰੀਤੀਆਂ, ਤੀਜਾਂ-ਤਿਉਹਾਰਾਂ ਦਾ ਚੁਫੇਰੇ ਪਸਰਿਆ ਜਾਲ, ਜਿਸ ਵਿੱਚੋਂ ਔਰਤ ਨੂੰ ਅਜ਼ਾਦ ਸੁਪਨਾ ਲੈਣ ਦੀ ਗੱਲ ਕੀਤੀ ਹੈ । ਅੱਜ ਦੀ ਅਜ਼ਾਦ ਔਰਤ ਦਾ ਰੂਪ, ਉਸਦੀ ਸੋਚ ਕੀ ਹੋਣੀ ਚਾਹੀਦੀ ਹੈ, ਉਸਦੀ ਕਾਵਿ ਉਡਾਰੀ ਵੀ ਨਿਵੇਕਲੀ ਹੀ ਹੈ।

ਵੇਖੋ-
ਮੈਂ ਅਸਮਾਨ ਵਿੱਚ ਖੰਭ ਲਾ ਉਡਣਾ ਨਹੀਂ

ਚਾਹੁੰਦੀ ਹਾਂ ਧਰਤੀ ਦਾ ਉਹ ਟੋਟਾ
ਜਿਸਤੇ ਪੂਰੇ ਵਿਸ਼ਵਾਸ ਨਾਲ ਖੜ੍ਹ ਸਕਾਂ
ਮਮਤਾ ਭਰੇ ਮੋਹ ਨਾਲ
ਔਰਤ ਦੇ ਅਸਤਿਤਵ ਨਾਲ।
ਕਿਉਂਕਿ ਮਰਦ ਦੀ ਸਦੀਆਂ ਪੁਰਾਣੀ ਸੋਚ
ਅਜੇ ਵੀ ਔਰਤ ਪ੍ਰਤੀ ਬਦਲੀ ਨਹੀਂ।
ਚਾਰ ਦੀਵਾਰੀ ਦੀ ਕੈਦਣ ਬਣ
ਲੈਂਦੀ ਹੈ ਡਰ ਡਰ ਕੇ
ਪੀੜਾਂ ਪਰੁੰਨਿਆ ਸਾਹ।
ਉਹ ਮੈਨੂੰ ਕਾਮ ਵਸਤੂ,
ਟੈਕਸੀ ਜਾਂ ਮਾਲ ਕਹਿ ਨਿਵਾਜਦੇ ।
ਤੋੜ ਕੇ ਮੇਰੇ ਖੰਭਾਂ ਨੂੰ
ਪਹਿਨਾਉਂਦੇ ਜਦ
ਚੂੜੀਆਂ,ਝਾਂਜਰਾਂ, ਪੰਜੇਬਾਂ, ਨੱਥਾਂ
ਮੇਰੀਆਂ ਖੁਸ਼ੀਆਂ ਦਾ ਪਾਰਾਵਾਰ ਨਹੀਂ ਹੁੰਦਾ
ਮੈਂ ਖੁਸ਼ ਹੁੰਦੀ ਹਾਂ
ਆਪਣੀ ਗੁਲਾਮੀ ਦੇ ਚਿੰਨ੍ਹਾਂ ਨੂੰ ਫੁੱਲਾਂ ਦਾ ਹਾਰ ਸਮਝ।

ਅੱਜ ਦੀ ਅਜ਼ਾਦ ਔਰਤ ਦੀ ਤਸਵੀਰ ਹੈ। ਅਜ਼ਾਦ ਔਰਤ ਦੀ ਗੁਲਾਮ ਸੋਚ।ਪਰਮਿੰਦਰ ਦੀ ਕਵਿਤਾ ਵਿਚਲੀ ਔਰਤ ਵੰਗਾਰਦੀ ਹੈ, ਇਸ ਅਜ਼ਾਦ ਔਰਤ ਨੂੰ ਝੰਜੋੜਦੀ ਹੈ ਤੇ ਸਮਾਜ ਨੂੰ ਦਸਦੀ ਹੈ ਕਿ ਮੈਨੂੰ ਕਿਹੋ ਜਿਹੀ ਅਜ਼ਾਦੀ ਚਾਹੀਦੀ ਹੈ।-

ਮੈਂ ਤੁਹਾਥੋਂ
ਚਿੜੀਆਂ ਦਾ ਦੁੱਧ ਨਹੀਂ ਮੰਗਦੀ
ਮੰਗਦੀ ਹਾਂ ਥੋੜ੍ਹੀ ਜਿਹੀ ਥਾਂ
ਜਿਥੇ ਮੇਰੀਆਂ ਧੀਆਂ ਖੜ੍ਹ ਸਕਣ
ਵਿਸ਼ਵਾਸ ਨਾਲ
ਕੋਹ ਨਾ ਸਕੇ ਕੋਈ ਬਾਜ਼
ਉਹਨਾਂ ਦੀਆਂ ਸੁਨਹਿਰੀ ਪੰਖੜੀਆਂ ਨੂੰ
ਡੁਲਾ ਨਾ ਸਕੇ ਉਹਨਾਂ ਦੇ ਹੌਂਸਲੇ ਨੂੰ।

ਔਰਤ ਦਿਵਸ ਤੇ ਲਿਖੀ ਇਹ ਕਵਿਤਾ ਵੀ ਬਹੁ ਪੱਖੀ ਹੈ ਤੇ ਬੜੀਆਂ ਤਸਵੀਰਾਂ ਖਿੱਚਦੀ ਹੈ।



ਜਦੋਂ ਲਿਖਦੀ ਹੈ:-
ਔਰਤ ਦਿਵਸ ਤੇ ਮੈਨੂੰ
ਦੇ ਕੇ ਮੁਬਾਰਕਾਂ
ਸ਼ਬਦਾਂ ਦਾ ਗਰਭਪਾਤ ਨਾ ਕਰੋ।

ਕਿਉਂਕਿ ਉਸਨੂੰ ਗਿਆਨ ਹੈ ਕਿ ਇਹ ਵੀ ਹੱਟੀਆਂ ਹਨ, ਨਾਹਰੇ ਨੂੰ ਉੱਠੇ ਫੋਕੇ ਸਲੋਗਨ ਹਨ। ਔਰਤ ਹੱਥੋਂ ਹੀ ਔਰਤ ਦਾ ਸ਼ੋਸ਼ਣ ਹੈ, ਢੌਂਗ ਹੈ, ਪਖੰਡ ਹੈ। ਪਰਮਿੰਦਰ ਨੇ ਆਪਣੀ ਕਾਵਿਕ ਰਣਭੂਮੀ ਵਿੱਚ ਨਿੱਕੇ ਨਿੱਕੇ ਯੁੱਧ ਛੇੜੇ ਹਨ, ਉਹਨਾਂ ਨੂੰ ਲੜਿਆ ਹੈ ਤੇ ਜਿੱਤਿਆ ਵੀ ਹੈ। ਉਹ ਆਪਣੀ ਗੱਲ ਬੜੇ ਜ਼ੋਰ, ਦਾਈਏ ਤੇ ਠਰ੍ਹੰਮੇ ਨਾਲ ਕਰਦੀ ਹੈ ਤੇ ਪਾਠਕ ਤੱਕ ਅੱਪੜਦੀ ਕਰਦੀ ਹੈ।

ਰਾਜਸੀ ਅਨਿਆਂ, ਸਮਾਜਕ ਲੁੱਟ, ਗਰੀਬ ਦਾ ਸ਼ੋਸ਼ਣ ਉਸਦੀ ਕਵਿਤਾ ਦੇ ਮੁੱਖ ਨਾਹਰੇ ਹਨ, ਵਿਅੰਗ ਹੈ, ਕਟਾਖ਼ਸ਼ ਹੈ।

'ਇਨਸਾਫ਼' ਕਵਿਤਾ ਵਿੱਚ ਸਦੀਆਂ ਤੋਂ ਵਰਤ ਰਹੇ ਅਨਿਆਂ ਦੀ ਗੱਲ ਕੀਤੀ ਹੈ। ਵਿਅੰਗਮਈ ਕਵਿਤਾ ਹੈ;-

ਇਨਸਾਫ਼ ਦੇ ਦੇਵਤਿਆਂ ਤੋਂ ਜਦ
ਸੁਕਰਾਤ ਨੇ ਇਨਸਾਫ਼ ਮੰਗਿਆ
ਤਾਂ ਮਿਲਿਆ
ਪਿਆਲਾ ਜ਼ਹਿਰ ਦਾ।

ਹੁਣ-

ਅੱਜ ਵੀ ਜਦ ਇਨਸਾਫ਼ ਦੀਆਂ ਅਦਾਲਤਾਂ
ਇਨਸਾਫ ਮੰਗਦੇ ਲੋਕਾਂ ਨੂੰ
ਸੁਕਰਾਤ ਦੀ ਤਰ੍ਹਾਂ
ਦਿੰਦੀਆਂ ਹਨ ਫ਼ਾਂਸੀ ਦੀਆਂ ਸਜ਼ਾਵਾਂ
ਤਾਂ ਸਮਝਦੀਆਂ ਹਨ
ਕਿ ਇਨਸਾਫ਼ ਮਰ ਗਿਆ ਹੈ।

ਧਰਮ ਦੇ ਬਹੁਪਰਤੀ ਅਰਥਾਂ ਦੇ ਰੂਪਾਂ ਬਾਰੇ ਵੀ ਕਵਿੱਤਰੀ ਲਿਖਦੀ ਹੈ।

ਧਰਮ ਦੇ ਪੁਜਾਰੀਓ
ਤੁਹਾਡੇ ਲਈ ਧਰਮ ਵਿਉਪਾਰ ਹੈ
ਆਮ ਲੋਕਾਂ ਲਈ

ਡਰ ਹੈ, ਖੌਫ਼ ਹੈ
ਕਿ ਪਤਾ ਨਹੀਂ, ਕਦੋਂ? ਕਿੱਥੇ?
ਇਹ ਆਪਸ ਵਿੱਚ ਲੜਨਗੇ, ਭਿੜਨਗੇ
ਤੇ ਆਮ ਲੋਕ ਮਰਨਗੇ।

ਇੱਕ ਹੋਰ ਵਿਅੰਗ ਹੈ ਪੰਜਾਬ ਦੇ ਗੀਤਕਾਰਾਂ ਦੇ ਬੋਲਾਂ ਦੇ ਸੱਚ ਉੱਤੇ-

ਜਦੋਂ ਉਹ ਹਿੱਕ ਕੱਢਕੇ
ਤਰੰਨਮ ਵਿੱਚ ਹੇਕ ਲਾ ਕੇ
ਮਸਤੀ ਵਿੱਚ ਗਾਉਂਦਾ ਹੈ
ਤੇ ਮਾਣ ਕਰਦਾ ਹੈ
ਉਸ ਦੇਸ਼ ਦੇ ਵਾਸੀ ਹੋਣ ਦਾ
ਜਿਸਦਾ 'ਮਿਸ਼ਰੀ ਵਰਗਾ ਪਾਣੀ'
ਤਾਂ ਲੱਗਦਾ ਹੈ-
ਉਹ ਪੰਜਾਬ ਦੀ ਨਹੀਂ
ਕਿਸੇ ਸੁਪਨਦੇਸ਼ ਦੀ ਕਰਦਾ ਹੈ ਗੱਲ।

ਕਿਉਂਕਿ

ਪੰਜਾਬ ਦੇ ਮਿੱਠੇ ਪਾਣੀ
ਤਾਂ ਬਣ ਚੁੱਕੇ ਹਨ ਜ਼ਹਿਰ
ਤੇ ਉਥੋਂ ਦਾ ਅੰਨਦਾਤਾ
ਮਹਿੰਗਾਈ ਦਾ ਨਪੀੜਿਆ
ਰੋਜ਼ ਲੈਂਦਾ ਹੈ ਫਾਹਾ
ਆਪਣੇ ਹੀ ਪੁੱਤਾਂ ਵਾਂਗ ਪਾਲ਼ੇ
ਦਰਖਤਾਂ ਦੇ ਟਾਹਣੇ 'ਤੇ।

'ਟਾਈਮ ਫਾਰ ਚੇਂਜ਼' ਇੱਕ ਹੋਰ ਅੱਜ ਦਾ ਨਾਹਰਾ ਹੈ। ਅੱਜ ਦੇ ਯੁੱਗ ਦੇ ਰਾਜਸੀ ਸਟੰਟ 'ਤੇ ਚੋਟ ਹੈ।

ਨੀਲਿਆਂ ਤੋਂ ਬੱਗੇ
ਜਾਂ ਟੋਰੀਆਂ ਤੋਂ ਲਿਬਰਲ, ਐਨ.ਡੀ.ਪੀ.
ਕਾਂਗਰਸੀ, ਅਕਾਲੀ ਜਾਂ ਮਾਰਕਸਵਾਦੀ
ਦੇ ਆਉਣ ਨਾਲ



ਸੱਤ੍ਹਾ ਨੂੰ ਹਥਿਆਉਣ ਨਾਲ
ਸਿਰਫ ਬੁਰਕੇ ਬਦਲਾਉਣ ਨਾਲ
'ਟਾਈਮ ਫਾਰ ਚੇਂਜ਼' ਨਹੀਂ ਹੋਣਾ।

ਭਾਰਤੀ ਲੋਕਤੰਤਰ ਬਾਰੇ, 1984 ਦੇ ਦੰਗਿਆਂ ਬਾਰੇ, ਮਖੌਟਿਆਂ ਦੇ ਆਰ ਪਾਰ, ਸਾਹਿਤਕਾਰ, ਬੁੱਕਲ ਦੇ ਸੱਪ, ਜੰਗਲ ਦੇ ਵਾਸੀ, ਆਪਣੇ ਆਪ ਵਿੱਚ ਨਿੱਕਾ ਜਿਹਾ ਮਹਾਂਭਾਰਤ ਸਿਰਜਦੀਆਂ ਕਵਿਤਾਵਾਂ ਹਨ। ਉਸ ਅਨੁਸਾਰ ਜਾਂ ਸਾਡੀ ਸੋਚ ਸੱਚੀ ਨਹੀਂ, ਜਾਂ ਸਾਡੇ ਸੰਘਰਸ਼ ਵਿੱਚ ਕਮੀਆਂ ਹਨ ਤਾਂ ਹੀ ਤਾਂ ਇਨਸਾਫ਼ ਨਹੀਂ ਮਿਲ ਰਿਹਾ ਕਿਉਂਕਿ ਸਾਨੂੰ-

'ਅਜੇ ਸ਼ੈਤਾਨ ਨੂੰ ਖੱਬੀ ਪਾਉਣ ਦੀ ਜਾਚ ਨਹੀਂ ਆਈ'

ਉਹ ਕਹਿੰਦੀ ਹੈ, ਜੇ ਇਨਸਾਫ਼ ਲਈ ਲੜਨਾ, ਸੱਚ ਦੀ ਗੱਲ ਕਰਨੀ, ਤਰਕ ਦੀ ਕੈਂਚੀ ਨਾਲ ਕੁਫਰ ਕੁਤਰਨਾ, ਜੇ ਗੁਨਾਹ ਹੈ ਤਾਂ-

'ਮੈਂ ਦੋਸ਼ੀ ਹਾਂ'

ਪਰਮਿੰਦਰ ਸਵੈਚ ਦਾ ਕਾਵਿਕ ਸਫ਼ਰ ਤਹਿ ਕਰਦਿਆਂ ਮੈਂ ਜ਼ਿੰਦਗੀ ਦੇ ਕਈ ਰੰਗ ਵੇਖੇ ਹਨ। ਲੱਗਦਾ ਨਹੀਂ ਕਿ ਇਹ ਉਸਦੀ ਪਹਿਲੀ ਕਵਿਤਾ ਹੈ, ਇਵੇਂ ਲੱਗਦਾ ਹੈ ਕਿ ਕਈ ਜਨਮਾਂ ਤੋਂ ਉਹ ਤੁਰ ਰਹੀ ਹੈ, ਲੜਦੀ ਹੋਈ, ਤਰਕ ਦੀ ਤਲਵਾਰ ਨਾਲ ਇਨਸਾਫ਼ ਲੈਣ ਲਈ ਜੂਝਦੀ, ਸੱਚ ਭਾਲ਼ਦੀ ਹੋਈ। ਬੜੀ ਬਲਵਾਨ ਹੈ ਉਸਦੀ ਕਵਿਤਾ। ਮੈਂ ਉਸਦੇ ਪਲੇਠੇ ਕਾਵਿ ਸੰਗ੍ਰਿਹ ਨੂੰ ਜੀ ਆਇਆਂ ਆਖਦੀ ਹਾਂ। ਖੁਸ਼ਆਮਦੀਦ।

ਇੰਦਰਜੀਤ ਕੌਰ 'ਸਿੱਧੂ'
**ਸਰ੍ਹੀ, ਬੀ. ਸੀ.**

## ਮਖੌਟਿਆਂ ਨੂੰ ਬੇਪਰਦ ਕਰਦੀ ਪਰਮਿੰਦਰ ਸਵੈਚ ਦੀ ਕਵਿਤਾ

"ਫ਼ੈਸਲੇ ਦੀ ਘੜੀ ਆਣ ਪਹੁੰਚੀ ਹੈ
ਨਿਰਣਾ ਤਾਂ ਲੈਣਾ ਪੈਣੇ
ਸੰਘਰਸ਼ਾਂ ਨਾਲ
ਵਿਆਹੁਣੀ ਹੈ ਸੂਹੀ ਮੌਤ,
ਲੋੜ ਹੈ ਉੱਠਣ ਤੇ ਜੂਝਣ ਦੀ
ਉਗਦੇ ਸੂਰਜ ਦੀ ਲਾਲੀ ਦਾ
ਨਿੱਘ ਮਾਨਣ ਦੀ
ਤਾਂ ਕਿ ਚੜ੍ਹਦੇ ਸੂਰਜ ਦੀਆਂ ਕਿਰਨਾਂ
ਮਾਣ ਸਕਣ ਇਨਕਲਾਬ ਦਾ
ਭੱਖਦਾ ਸੇਕ" (ਅੰਤਹਕਰਣ)

ਇਹਨਾਂ ਸਤਰਾਂ ਦੀ ਰਚੇਤਾ ਪਰਮਿੰਦਰ ਸਵੈਚ ਕਿਸੇ ਜਾਣਕਾਰੀ ਦੀ ਮੁਥਾਜ ਨਹੀਂ, ਉਸਨੇ ਸਮਾਜਿਕ, ਆਰਥਿਕ, ਰਾਜਨੀਤਿਕ, ਨਾ-ਬਰਾਬਰੀ ਖਿਲਾਫ਼ ਜੂਝਣ ਦੀ ਗੁੜ੍ਹਤੀ ਗ਼ਦਰ ਲਹਿਰ ਵਿੱਚ ਸ਼ਾਮਲ, ਅੰਗਰੇਜ਼ ਹਕੂਮਤ ਨੂੰ ਵੰਗਾਰਨ ਵਾਲੇ ਆਪਣੇ ਦਾਦਾ ਜੀ ਤੋਂ ਲਈ ਤੇ ਉਸਦੇ ਪਿਤਾ ਜੀ ਕਾਮਰੇਡ ਜਗਤਾਰ ਸਿੰਘ ਨੇ ਨਾ ਸਿਰਫ ਜੀਵਨ ਜਾਚ ਹੀ ਸਿਖਾਈ ਸਗੋਂ ਇਸ ਕਾਣੀ ਵੰਡ ਦੇ ਵਰਤਾਰੇ ਦੇ ਖ਼ਿਲਾਫ਼ ਜੂਝਣ ਲਈ ਵੀ ਪ੍ਰੇਰਿਆ। ਪ੍ਰਸਿੱਧ ਇਨਕਲਾਬੀ ਕਵੀ ਦਰਸ਼ਨ ਦੁਸਾਂਝ ਦੇ ਕਹਿਣ ਅਨੁਸਾਰ-

"ਮੇਰਾ ਪੇਟ ਹੁੰਦਾ ਨਾ ਰੋਟੀ ਤੋਂ ਖਾਲੀ
ਹੋਰਾਂ ਲਈ ਮਰਨੇ ਦਾ ਜੇਰਾ ਨਾ ਹੁੰਦਾ।
ਕਦੇ ਚੰਗਾ ਲੱਗਦਾ ਨਾ ਸੂਲੀ 'ਤੇ ਚੜ੍ਹਨਾ,
ਜੇ ਮੰਜ਼ਲ ਤੇ ਖੁਸ਼ਬੂ ਤੇ ਖੇੜਾ ਨਾ ਹੁੰਦਾ"

ਪਰਮਿੰਦਰ ਵੀ ਛੋਟੀ ਕਿਸਾਨੀ ਜੋ ਹੱਡ ਭੰਨਵੀਂ ਮਿਹਨਤ ਦੇ ਬਾਵਜੂਦ ਵੀ ਤੰਗੀਆਂ ਤੁਰਸ਼ੀਆਂ ਸਹਾਰਦੀ ਸੋਚਣ ਲੱਗ ਪਈ ਸੀ ਖੁਸ਼ਬੂ ਤੇ ਖੇੜੇ ਵਾਲੀ ਮੰਜ਼ਲ ਨੂੰ ਪਾਉਣ ਬਾਰੇ। ਕਾਲਜ ਦੇ ਦਿਨਾਂ ਵਿੱਚ ਜਿੱਥੇ ਕੁੜੀਆਂ ਸੁਪਨਮਈ ਸੰਸਾਰ ਵਿੱਚ ਉਡਾਰੀਆਂ ਮਾਰਦੀਆਂ ਫਿਰਦੀਆਂ ਹਨ ਉੱਥੇ ਉਹ ਜੋਸ਼ੀਲੀ, ਨਿਡਰ, ਤੇ ਵਿਦਿਆਰਥੀ ਯੂਨੀਅਨ ਦੀ ਸਰਗਰਮ ਵਰਕਰ ਬਣ ਸਾਥਣਾਂ ਨੂੰ ਜਾਗਰਿਤ ਕਰ ਰਹੀ ਸੀ। ਉਹ ਇੱਕ



ਕਵਿਤਾ ਲੇਖਿਕਾ, ਨਾਟਕਕਾਰ ਤੇ ਵਧੀਆ ਅਦਾਕਾਰਾ ਹੈ। ਮੇਰੀ ਉਸ ਨਾਲ ਪਹਿਚਾਣ ਤਰਕਸ਼ੀਲ ਸੁਸਾਇਟੀ ਦੀ ਸਟੇਜ਼ 'ਤੇ ਹੋਈ ਜਦੋਂ ਉਹ ਨਾਟਕ ਕਰ ਰਹੀ ਸੀ। ਪਰਮਿੰਦਰ ਦੀ ਪਹਿਚਾਣ ਬਣਾਉਣ ਵਿੱਚ ਤਰਕਸ਼ੀਲ ਸੁਸਾਇਟੀ ਕੈਨੇਡਾ ਨੇ ਤੇ ਤਰਕਸ਼ੀਲ ਸੁਸਾਇਟੀ ਦੀ ਪਹਿਚਾਣ ਬਣਾਉਣ ਵਿੱਚ ਉਸਨੇ ਬਹੁਤ ਵੱਡਾ ਯੋਗਦਾਨ ਪਾਇਆ ਹੈ। ਉਹ ਹਰ ਇਨਕਲਾਬੀ ਤੇ ਅਗਾਂਹਵਧੂ ਕਾਰਜ ਵਿੱਚ ਅੱਗੇ ਹੋ ਕੇ ਭਾਗ ਲੈਂਦੀ ਹੈ, ਉਹ ਇਸ ਲੋਕ ਦੋਖੀ ਨਿਜ਼ਾਮ ਨੂੰ ਮੁੱਢੋਂ-ਸੁੱਢੋਂ ਹੀ ਬਦਲ ਇੱਕ ਨਰੋਇਆ ਤੇ ਲੋਕ ਪੱਖੀ ਸਮਾਜ ਚਾਹੁੰਦੀ ਹੈ ਜੋ ਉਸ ਦੀ ਸਮੁੱਚੀ ਕਵਿਤਾ ਵਿੱਚ ਸਾਫ਼ ਝਲਕਦਾ ਹੈ।ਉਸ ਨੇ ਆਪਣੀ ਕਵਿਤਾ ਵਿੱਚ ਬਹੁਤ ਹੀ ਭਾਵਪੂਰਤ ਵਿਸ਼ੇ ਲਏ ਹਨ। ਜਿਵੇਂ ਔਰਤ ਬਾਰੇ, ਧਾਰਮਿਕ ਪਖੰਡਵਾਦ ਬਾਰੇ, ਅੰਧ ਵਿਸ਼ਵਾਸ ਬਾਰੇ, ਸਮਾਜਿਕ ਰਿਸ਼ਤਿਆਂ ਬਾਰੇ, ਰਾਜਨੀਤੀ ਦੇ ਕੋਝੇ ਵਰਤਾਰੇ ਬਾਰੇ, ਨਸਲਵਾਦ, ਜੰਗ ਤੇ ਅਮਨ ਬਾਰੇ। ਜਿੱਥੇ ਉਹ ਰਾਸ਼ਟਰੀ ਤੇ ਅੰਤਰ ਰਾਸ਼ਟਰੀ ਸਮੱਸਿਆਵਾਂ ਬਾਰੇ ਸਮਝ ਰੱਖਦੀ ਹੈ ਉੱਥੇ ਉਹ ਬੜੀ ਹੀ ਜੁਅਰਤ ਤੇ ਦਲੇਰੀ ਨਾਲ ਉਹਨਾਂ ਖਿਲਾਫ਼ ਲਿਖਦੀ ਲੋਕ ਲਹਿਰ ਬਣਾਉਣਾ ਲੋਚਦੀ ਹੈ।ਉਸਦੀ ਕਵਿਤਾ ਵਿੱਚ ਆਦਰਸ਼ਵਾਦ ਵੀ ਕਾਫੀ ਭਾਰੂ ਹੈ।

ਪੰਜਾਬੀ ਵਿੱਚ ਬਹੁਤ ਸਾਰਾ ਸਾਹਿਤ ਰਚਿਆ ਜਾ ਰਿਹਾ ਹੈ ਜੋ ਔਰਤ ਮਰਦ ਦੇ ਰਿਸ਼ਤਿਆਂ, ਮਿਲਣ-ਵਿਛੜਨ, ਤਾਹਨਿਆਂ-ਮਿਹਣਿਆਂ ਵਿਚਾਲੇ ਹੀ ਘੁੰਮਦਾ ਹੈ ਪਰ ਇਸ ਨੇ ਨਿੱਜ ਤੋਂ ਉੱਪਰ ਉੱਠ ਕੇ ਸਮਾਜਿਕ, ਧਾਰਮਿਕ, ਆਰਥਿਕ ਤੇ ਰਾਜਨੀਤਿਕ ਬੁਰਾਈਆਂ 'ਤੇ ਉਂਗਲ ਰੱਖੀ ਹੈ। ਉਹ ਆਪਣੀ ਵਿਅੰਗਆਤਮਕ ਕਵਿਤਾ ਰਾਹੀਂ ਲੋਕਾਂ ਦੀ ਸੁੱਤੀ ਸੋਚ ਨੂੰ ਜਗਾਉਣ ਦੀ ਕੋਸ਼ਿਸ਼ ਵਿੱਚ ਹੈ।ਸ਼ਰਾਬ ਜੋ ਮੀਡੀਏ ਰਾਹੀਂ ਗੀਤਾਂ, ਕਵਿਤਾਵਾਂ ਵਿੱਚ ਔਰਤ ਨੂੰ ਸ਼ਰਾਬ ਨਾਲ ਤੁਲਣਾ ਕਰਕੇ ਪ੍ਰਚਾਰਿਆ ਜਾਂਦਾ ਹੈ, ਉਹ ਉਸਨੂੰ ਰਿਸ਼ਤਿਆਂ ਦੀ ਜ਼ਿੰਦਗੀ ਦਾ ਅੰਤ ਕਹਿੰਦੀ ਹੈ।ਔਰਤ ਜੋ ਸਦੀਆਂ ਤੋਂ ਗ਼ੁਲਾਮ ਰਹੀ ਹੈ ਚਾਹੇ ਉਹ ਦੁਨੀਆਂ ਦੇ ਕਿਸੇ ਵੀ ਕੋਨੇ ਵਿੱਚ ਹੋਵੇ ਕੰਮ ਕਾਜੀ ਜਾਂ ਘਰ ਦੀ ਚਾਰ ਦਿਵਾਰੀ ਵਿੱਚ ਰਹਿ ਜੁੰਮੇਵਾਰੀਆਂ ਨਿਭਾਉਂਦੀ ਹੋਵੇ, ਉਸਦੀ ਦੁਰਦਸ਼ਾ ਹੀ ਬਿਆਨ ਨਹੀਂ ਕੀਤੀ ਸਗੋਂ ਉਸਨੂੰ ਅਖੌਤੀ ਅਜ਼ਾਦੀ ਦੀ ਸੱਚਾਈ ਦਿਖਾਉਦਿਆਂ ਮਾਨਸਿਕ ਅਜ਼ਾਦੀ ਤੋਂ ਬਿਨਾਂ ਬਾਕੀ ਅਜ਼ਾਦੀ ਛਲ ਕਪਟ ਹੈ। ਉਹ ਔਰਤ ਨੂੰ ਦਿਸ਼ਾ ਵੀ ਦਿਖਾਉਂਦੀ ਹੈ ਤੇ ਵਿਅੰਗ ਕਰਦੀ ਹੈ।

"ਉਹ ਅਜ਼ਾਦ ਹੈ,
ਪੂੰਜੀਪਤੀਆਂ ਦੇ ਬਿਜ਼ਨਸਾਂ ਦੇ ਵਾਧੇ ਦੀ
ਮਸ਼ਹੂਰੀ ਦੇ ਵਿਉਪਾਰ ਲਈ,
ਦਫ਼ਤਰ ਦੇ ਕਾਊਂਟਰ 'ਤੇ ਬੈਠ ਕੇ
ਗਾਹਕਾਂ ਨੂੰ ਝੂਠੀ ਮੁਸਕਰਾਹਟ ਦੇਣ ਲਈ"। (ਉਹ ਅਜ਼ਾਦ ਹੈ)

"ਉਹ ਤਾਂ ਇਸ ਨੂੰ ਆਪਣੀ
ਕਸਵੱਟੀ 'ਤੇ ਪਰਖਣਗੇ
ਤੇ ਆਖਣਗੇ ਇਹ ਦੁੱਖਾਂ ਸੁੱਖਾਂ ਦੀ ਸਾਥੀ ਨਹੀਂ
ਇਹ ਤਾਂ ਮਿਲਵੇਂ ਜੁਲਵੇਂ
ਰਿਸ਼ਤਿਆਂ ਦੀ ਜ਼ਿੰਦਗੀ ਦਾ ਹੈ ਅੰਤ"। (ਸ਼ਰਾਬ)

"ਤੋੜੋ ਇਹ ਰਸਮਾਂ ਰਿਵਾਜਾਂ
ਜਿਨ੍ਹਾਂ ਮੈਨੂੰ ਥੱਲੇ ਲਾਇਆ
ਹੱਕ ਤਾਂ ਖੋਹ ਕੇ ਲੈਣੇ ਪੈਣੇ
ਦਾਨ ਕਰੇ ਨਾ ਕੋਈ"। (ਔਰਤ)

ਉਹ ਸਾਹਿਤਕਾਰ ਦੀ ਕਲਮ ਨੂੰ ਝੰਜੋੜਦੀ ਹੋਈ ਹਥਿਆਰ ਬਣ ਮਨੁੱਖੀ ਹੱਕਾਂ ਦੀ ਰਾਖੀ ਲਈ ਲੜਨ ਲਈ ਪ੍ਰੇਰਦੀ ਹੈ।

"ਹੋਰ ਲਿਖ, ਮਿੱਲਾਂ 'ਚ ਕੰਮ ਕਰਦੇ
ਮਜ਼ਦੂਰਾਂ ਦੇ ਮੁੜ੍ਹਕੇ ਬਾਰੇ
ਜਿਹੜੇ ਮਸ਼ੀਨਾਂ ਦੇ ਪੁਰਜਿਆਂ ਨਾਲ
ਪੁਰਜੇ ਬਣ ਕੇ ਹੋ ਜਾਦੇ ਨੇ
ਬੋਲ਼ੇ, ਅੰਨ੍ਹੇ ਤੇ ਲੂਲ੍ਹੇ
ਬਾਰੇ ਲਿਖ"। (ਸਾਹਿਤਕਾਰ)

ਭਾਵੇਂ ਇਹ ਪ੍ਰਚਾਰਿਆ ਜਾ ਰਿਹਾ ਹੈ, "ਮਜ਼ਹਬ ਨਹੀਂ ਸਿਖਾਤਾ ਆਪਸ ਮੇਂ ਵੈਰ ਰੱਖਨਾ" ਜਾਂ ਧਰਮ ਮਨੁੱਖ ਨੂੰ ਚੰਗਾ ਇਨਸਾਨ ਬਣਾਉਂਦੇ ਹਨ ਪਰ ਅਸਲੀਅਤ ਵਿੱਚ ਇਹਨਾਂ ਗੱਲਾਂ ਤੋਂ ਦੂਰ ਹੋ ਕੇ ਧਰਮ ਦੇ ਠੇਕੇਦਾਰਾਂ ਨੇ ਧਾਰਮਿਕ ਪਖੰਡਵਾਦ ਨੂੰ ਵੜ੍ਹਾਵਾ ਦੇ ਕੇ ਮਨੁੱਖ ਵਿੱਚ ਵੰਡੀਆਂ ਪਾ ਕੇ ਮਨੁੱਖਤਾ ਦਾ ਘਾਣ ਹੀ ਕੀਤਾ ਹੈ। ਮੀਡੀਆ ਵਲੋਂ ਰੇਡਿਉ, ਅਖ਼ਬਾਰਾਂ ਤੇ ਟੈਲੀਵਿਯਨਾਂ ਰਾਹੀਂ ਨਾਟਕਾਂ, ਸ਼ੋਆਂ, ਐਡਵਰਟਾਈਜ਼ਾਂ ਰਾਹੀਂ ਅੰਧ ਵਿਸ਼ਵਾਸ ਤੇ ਕਰਮ ਕਾਡਾਂ ਦਾ ਧੜਾਧੜ ਪ੍ਰਚਾਰ ਕੀਤਾ ਜਾ ਰਿਹਾ ਹੈ। ਇਹ ਸਰਕਾਰਾਂ ਦੀ ਸੋਚੀ ਸਮਝੀ ਚਾਲ ਹੈ। ਉਹ ਚਾਹੁੰਦੀਆਂ ਹਨ ਕਿ ਲੋਕ ਭੂਤਾਂ-ਪ੍ਰੇਤਾਂ, ਜਾਦੂ-ਟੂਣਿਆਂ, ਕਿਸਮਤ ਵਾਦ ਦੇ ਚੱਕਰਾਂ ਵਿੱਚ ਉਲਝੇ ਰਹਿਣ, ਕਦੇ ਵੀ ਜਾਣ ਨਾ ਸਕਣ ਆਪਣੀ ਮੰਦਹਾਲੀ ਦਾ ਕਾਰਨ। ਪਰਮਿੰਦਰ ਨੇ ਨਾ ਸਿਰਫ਼ ਆਪ ਹੀ ਇਹੋ ਜਿਹੇ ਦਕੀਆਨੂਸੀ ਵਿਚਾਰਾਂ ਨੂੰ ਤਿਲਾਂਜ਼ਲੀ ਦਿੱਤੀ ਹੈ ਉਹ ਤਰਕਸ਼ੀਲਤਾ ਦਾ ਪ੍ਰਚਾਰ ਕਰਕੇ



ਭੋਲ਼ੇ-ਭਾਲ਼ੇ ਲੋਕਾਂ ਨੂੰ ਸੁਚੇਤ ਕਰ ਰਹੀ ਹੈ। ਕਈ ਵਾਰੀ ਹਨ੍ਹੇਰੇ ਦੇ ਵਣਜਾਰਿਆ ਵਲੋਂ ਥਰਕਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ ਪਰ ਉਹ ਨਿਰੰਤਰ, ਨਿਧੜਕ ਵਿਗਿਆਨਕ ਸੋਚ ਦਾ ਹੋਕਾ ਦੇ ਰਹੀ ਹੈ। ਬਾਬਰ ਨੂੰ ਜਾਬਰ ਕਹਿਣ ਵਾਲੇ ਇਨਕਲਾਬੀ ਤੇ ਤਰਕਸ਼ੀਲ ਗੁਰੂ ਗੁਰੂ ਨਾਨਕ ਦੇਵ ਜੀ ਜਿਨ੍ਹਾਂ ਨੇ ਮਲਿਕ ਭਾਗੋਆਂ ਖਿਲਾਫ਼ ਖੜ੍ਹ ਭਾਈ ਲਾਲੋਆਂ ਦੇ ਹੱਕ ਵਿੱਚ ਅਵਾਜ਼ ਬੁਲੰਦ ਕੀਤੀ ਤੇ ਔਰਤ ਨੂੰ ਬਰਾਬਰ ਦਾ ਦਰਜ਼ਾ ਦਿੱਤਾ ਬਾਰੇ ਆਪਣੀ ਕਵਿਤਾ ਵਿੱਚ ਇਸ ਲੋੜ ਤੇ ਜ਼ੋਰ ਦਿੰਦੀ ਹੈ ਕਿ ਉਹਨਾਂ ਦੀਆਂ ਸਿੱਖਿਆਵਾਂ ਨੂੰ ਅਸਲੀਅਤ ਵਿੱਚ ਅਪਣਾਇਆ ਜਾਵੇ।

"ਆਓ! ਬਾਬੇ ਨੂੰ ਦੇਵਤਾ ਨਾ ਬਣਾਈਏ
ਨਾ ਕਰੀਏ ਗੁਰਦਆਰਿਆਂ ਵਿੱਚ ਕੈਦ
ਕਿਉਕਿ ਸਮਾਜ ਨੂੰ ਹੁਣ ਦੇਵਤਿਆਂ ਨਹੀਂ
ਲੋੜ ਹੈ ਕਰਾਂਤੀਕਾਰੀ ਜੁਝਾਰੂਆਂ ਦੀ
ਜੋ ਭਟਕਿਆ ਨੂੰ ਰਾਹ ਦੱਸਣ"। (ਉਦੋਂ ਤੇ ਹੁਣ)

"ਦਿੱਲੀ ਦੰਗਿਆਂ ਵੇਲੇ
ਰਾਮ ਸਿੰਘ ਲਈ ਧਰਮ
ਉਸਦੇ ਗਲ਼ ਵਿੱਚ ਮੱਚਦਾ ਟਾਇਰ ਸੀ
ਹਿੰਦੂਆਂ ਲਈ ਧਰਮ
ਬੱਸ ਰੁਕਣ ਤੇ ਲਾਈਨ ਵਿੱਚ ਲੱਗਕੇ
ਇਕੱਠਿਆਂ ਕਤਲ ਹੋਣਾ ਸੀ"। (ਧਰਮ ਦੇ ਅਰਥ)

"ਉਹ ਭੁੱਲ ਜਾਂਦੀ ਹੈ
ਚੌਰਾਸੀ ਲੱਖ ਜੂਨਾਂ ਦਾ ਵੇਰਵਾ
ਜੋ ਲਿਖਿਆ ਹੈ ਧਾਰਮਿਕ ਗ੍ਰੰਥਾਂ ਵਿੱਚ।
ਉਹ ਨਹੀਂ ਬਣਦੇ
ਕਾਂ- ਕੁੱਤੇ, ਗਧੇ ਤੇ ਖੋਤੇ
ਨਾ ਹੀ ਗੋਰੇ ਤੇ ਕਾਲੇ
ਨਾ ਬੋਲਦੇ ਹਨ ਫਰੈਂਚ, ਚੀਨੀ ਜਾਂ ਜਪਾਨੀ
ਬੋਲਦੇ ਹਨ ਇੱਕੋ ਭਾਸ਼ਾ ਹਿੰਦੀ
ਜੋ ਫਿੱਟ ਆਉਂਦੀ ਹੈ

ਟੀ. ਵੀ. ਦੇ ਚੈਨਲ ਲਈ"। (ਰਾਜ਼ ਪਿਛਲੇ ਜਨਮ ਦਾ)

"ਕਰਦੀਆਂ ਨੇ ਸਰਕਾਰਾਂ ਹਮੇਸ਼ਾਂ
ਪੈਰਵੀ ਇਨ੍ਹਾਂ ਦੀ ਕਿਉਂਕਿ
ਲੋਕ ਉਲਝੇ ਰਹਿਣ ਟੂਣੇ, ਟਾਮਣਾਂ ਤੇ
ਕਿਸਮਤ ਦੇ ਚੱਕਰਾਂ ਵਿੱਚ"। (ਅੰਧ ਵਿਸ਼ਵਾਸ)

"ਉਹ ਕਸੂਰਵਾਰ ਕਹਿੰਦੇ ਨੇ ਮੈਨੂੰ
ਕਿਉਂਕਿ ਮੇਰੀ ਬੁੱਕਲ ਵਿੱਚ ਸੱਚ ਦਾ ਚਾਨਣ ਹੈ
ਮੈਂ ਹਨੇਰੇ ਅਹਿਮ ਨਹੀਂ ਸਮਝੇ
ਹਨ੍ਹੇਰਿਆਂ ਤੋਂ ਬਾਅਦ ਚਾਨਣ ਦੀ ਕੀਤੀ ਹੈ ਉਡੀਕ।
ਉਹ ਭੰਡਦੇ ਨੇ ਨਾਸਤਿਕ ਤੇ ਅਧਰਮੀ ਕਹਿ
ਕਿਉਂਕਿ ਮੈਂ ਮਾਨਵਤਾ ਨੂੰ ਕਹਿ ਦਿੱਤਾ ਹੈ ਮੇਰਾ ਧਰਮ" (ਵਿਸ਼ਵਾਸ)

ਪਰਮਿੰਦਰ ਆਪਣੀ ਕਵਿਤਾ ਵਿੱਚ ਰਾਜਨੀਤੀ ਦੇ ਕੋਝੇਪਣ ਨੂੰ ਨੰਗਾ ਕਰਦੀ ਹੋਈ ਸਵਾਲ ਖੜ੍ਹਾ ਕਰਦੀ ਹੈ ਕਿ ਅਖੌਤੀ ਅਜ਼ਾਦੀ ਦੇ ਇੰਨੇ ਸਾਲਾਂ ਬਾਅਦ ਵੀ ਭੁੱਖਮਰੀ, ਗ਼ਰੀਬੀ , ਬੇਰੁਜ਼ਗਾਰੀ, ਭ੍ਰਿਸ਼ਟਾਚਾਰ, ਰਿਸ਼ਵਤਖੋਰੀ ਅਮਰਵੇਲ ਵਾਂਗ ਵੱਧ ਰਹੀ ਹੈ। ਹੱਕ ਮੰਗਦੇ ਲੋਕਾਂ ਨੂੰ ਚਿੱਟੇ ਦਿਨ ਹੀ ਕੋਹ ਕੋਹ ਕੇ ਮਾਰਿਆ ਜਾ ਰਿਹਾ ਹੈ। ਸਰਕਾਰ ਲੋਕ ਲਹਿਰਾਂ ਨੂੰ ਕੁਚਲਣ ਲਈ ਆਪਣੇ ਹੀ ਲੋਕਾਂ ਨਾਲ ਗੈਰ ਮਨੁੱਖੀ ਵਤੀਰਾ ਕਰ ਰਹੀ ਹੈ। ਪਰਮਿੰਦਰ ਲੋਕਾਂ ਨੂੰ ਧੋਖਾ ਦੇ ਰਹੇ ਬੁੱਕਲ ਦੇ ਸੱਪਾਂ ਬਾਰੇ ਵੀ ਸੁਚੇਤ ਕਰਦੀ ਹੈ ਜੋ ਹਮਸਫ਼ਰ ਬਣ ਲੋਕਾਂ ਨੂੰ ਉਹਨਾਂ ਦੀ ਮੰਜ਼ਲ ਤੋਂ ਭਟਕਾ ਰਹੇ ਹਨ ਪਰ ਉਸਨੂੰ ਪੂਰੀ ਆਸ ਹੈ ਕਿ ਹੱਕ ਸੱਚ, ਇਨਸਾਫ਼ ਲਈ ਤੁਰੇ ਲੋਕ ਇੱਕ ਨਾ ਇੱਕ ਦਿਨ ਆਪਣੀ ਮੰਜ਼ਲ ਜਰੂਰ ਪਾਉਣਗੇ।

"ਅਸੀਂ ਸੱਪਾਂ ਦੀਆਂ ਸਿਰੀਆਂ ਮਿੱਧਣ ਵਾਲੇ
ਨਹੀਂ ਡਰਦੇ ਉਹਨਾਂ ਸੱਪਾਂ ਤੋਂ
ਜੋ ਫਣ ਫੈਲਾ ਖੜੇ ਨੇ
ਘੇਰਾ ਬੰਨ੍ਹੀਂ ਚੁਫੇਰੇ
ਘੜਦੇ ਨੇ ਨਿੱਤ ਨਵੀਆਂ ਚਾਲਾਂ
ਦਬਾਉਣ ਲਈ



ਚੁੱਪ ਕਰਾਉਣ ਲਈ
ਬੰਦੀ ਬਣਾਉਣ ਲਈ
ਸਾਨੂੰ ਤਾਂ ਖੌਫ ਹੈ
ਬੁੱਕਲ ਦੇ ਸੱਪਾਂ ਦਾ
ਸਾਡੀ ਹੀ ਕਿਸ਼ਤੀ ਦੇ ਮਲਾਹਾਂ ਦਾ
ਜੋ ਡਬੋਣਾ ਚਾਹੁੰਦੇ ਨੇ
ਲਾਲ ਝੰਡੇ ਦੀ ਆੜ ਥੱਲੇ"। (ਬੁੱਕਲ ਦੇ ਸੱਪ)

"ਤੋੜਕੇ ਪਰ ਪਰਿੰਦਿਆਂ ਦੇ
ਹੰਢੇ ਸ਼ਿਕਾਰੀ ਬਣਦੇ ਹੋ
ਫਲੂਹਾ ਘਰ ਵਿੱਚ ਸੁੱਟ ਕੇ ਹੀ
ਬਿਗਾਨਿਆਂ ਦੇ ਹਿਤਕਾਰੀ ਬਣਦੇ ਹੋ" (ਜੰਗਲ ਦੇ ਵਾਸੀ)

"ਨਹੀਂ ਤਾਂ ਕੀ ਲੋੜ ਸੀ
ਐਹੋ ਜਿਹੇ ਲੋਕਰਾਜ ਵਿੱਚ
ਅਪਰੇਸ਼ਨ ਗਰੀਨ ਹੰਟ,
ਕੋਬਰਾ ਜਾਂ ਚਿੱਲੀ ਬੰਬਾਂ ਦੀ"। (ਲੋਕਤੰਤਰ)

"ਅਣਖੀਲੇ ਖੂੰਨ ਦੇ ਕਤਰਿਆਂ ਚੋਂ
ਫਿਰ ਹਜ਼ਾਰਾਂ ਸੁਕਰਾਤ ਹੋ ਜਾਂਦੇ ਨੇ ਪੈਦਾ
ਜਿਹੜੇ ਉਹੀਓ ਗੱਲ ਕਰਦੇ ਨੇ ਜਿਹੜੀ
ਕੀਤੀ ਸੀ ਉਹਨਾਂ ਦੇ ਦਾਦੇ ਪੜਦਾਦਿਆਂ ਨੇ"।(ਇਨਸਾਫ਼)

ਪਰਮਿੰਦਰ ਆਪਣੀ ਕਵਿਤਾ ਰਾਹੀਂ ਰਾਸ਼ਟਰੀ ਤੇ ਅੰਤਰ ਰਾਸ਼ਟਰੀ ਸਮੱਸਿਆਵਾਂ ਨੂੰ ਪੇਸ਼ ਕਰਦੀ ਹੈ। ਜਿੱਥੇ ਉਹ ਪੰਜਾਬ ਦੇ ਦੁਖਾਂਤ ਨੂੰ ਪੇਸ਼ ਕਰਦੀ ਹੈ ਉੱਥੇ ਉਹ ਜਾਤਾਂ ਧਰਮਾਂ, ਰੰਗਾਂ, ਨਸਲਾਂ ਦੇ ਨਾਂ 'ਤੇ ਹੋ ਰਹੇ ਵਿਤਕਰੇ ਨੂੰ ਵੀ ਬਹੁਤ ਸੁਹਣੇ ਢੰਗ ਨਾਲ ਬਿਆਨ ਕਰਦੀ ਹੈ ਉਹ ਸਾਮਰਾਜਵਾਦ ਦੀਆਂ ਕੋਝੀਆਂ ਚਾਲਾਂ ਜੋ ਮਨੁੱਖੀ ਹੱਕਾਂ ਦਾ ਝੰਡਾ ਬਰਦਾਰ ਬਣ ਅਮਨ ਤੇ ਸ਼ਾਂਤੀ ਦੀਆਂ ਗੱਲਾਂ ਕਰਦਾ ਨਹੀਂ ਥੱਕਦਾ ਪਰ ਆਪ ਦੂਸਰੇ ਦੇਸ਼ਾਂ ਦੇ ਕੁਦਰਤੀ ਸੋਮੇ ਤੇ ਤੇਲ ਦੇ ਭੰਡਾਰ ਖੋਹਣ ਲਈ ਕਿਸ ਹੱਦ ਤੱਕ ਜਾਂਦਾ ਹੈ ਦੇ ਮਖੌਟੇ ਨੂੰ ਆਪਣੀ ਕਵਿਤਾ ਰਾਹੀਂ ਬੇਪਰਦ ਕਰਦੀ ਹੈ।

"ਪੰਜਾਬ ਦੇ ਮਿੱਠੇ ਪਾਣੀ ਤਾਂ
ਬਣ ਚੁੱਕੇ ਹਨ ਮਹੁਰਾ
ਜਿਸ ਵਿੱਚ ਪਲ਼ਦੀ ਹੈ
ਬਿਮਾਰ ਤੇ ਨਿਰਬਲ ਜ਼ਿੰਦਗੀ
ਰੀਂਗਦੇ ਤੇ ਮਰ ਜਾਂਦੇ ਨੇ
ਸੈਂਕੜੇ ਹੀ ਕੈਂਸਰ ਤੇ ਹੈਜ਼ੇ ਦੇ ਪੀੜਤ"। (ਪੰਜਾਬ)

"ਕਿਵੇਂ ਦੱਸਾਂ?
ਇਸ ਬਹੁ ਸਭਿਅਕ ਦੇਸ਼ ਵਿੱਚ
ਤੇਰੀ ਦਿੱਤੀ ਪਛਾਣ ਮਾਂ
ਬਣ ਗਈ ਹੈ ਜ਼ਿੰਦਗੀ ਦੀ ਅੜਚਣ
ਮੇਰਾ ਰੰਗਦਾਰ ਹੋਣਾ
ਬਣ ਗਿਆ ਹੈ ਨਸਲਵਾਦ ਦਾ ਸਵਾਲ"। (ਪਛਾਣ)

"ਜੰਗ ਚਾਹੇ ਅਫ਼ਗਾਨ,
ਇਰਾਕ, ਵੀਅਤਨਾਮ, ਫਲਿਸਤੀਨ
ਜਾਂ ਆਦਿਵਾਸੀਆਂ ਦੀ ਹੋਵੇ
ਆਹੂਤੀ ਤਾਂ ਦਿੰਦੇ ਹਨ
ਲਵੀ ਉਮਰੇ ਫੌਜੀ"। (ਔਜ਼ਾਰ)

"ਜਦੋਂ "ਸ਼ਾਤੀ" ਦਾ ਧੂ-ਤੂ ਉਠਾ ਕੇ
ਪਹੁੰਚਦਾ ਹੈ ਦੂਸਰੇ ਦੇਸ਼ਾਂ ਦੀਆਂ ਹੱਦਾਂ ਵਿੱਚ
ਤਾਂ ਬਰੂਦ, ਬੰਬਾਂ ਤੇ
ਟੈਂਕਾਂ ਨਾਲ ਲੈਸ ਹੋ ਕੇ
ਦਿੰਦਾ ਹੈ ਗਵਾਹੀ ਅਮਨ ਦੀ"? (ਮਖੌਟਿਆਂ ਦੇ ਆਰ ਪਾਰ)

ਪਰਮਿੰਦਰ ਆਪਣੀ ਕਵਿਤਾ ਰਾਹੀਂ ਭੋਲ਼ੇ ਭਾਲ਼ੇ ਲੋਕਾਂ ਨੂੰ ਦੱਸਦੀ ਹੈ ਕਿ ਪੱਗਾਂ, ਬਾਣਿਆਂ ਤੇ ਰਾਜਨੀਤਿਕ ਦਲਾਂ ਦੇ ਬਦਲਣ ਨਾਲ ਕੁਝ ਨਹੀਂ ਬਦਲੇਗਾ।ਸਗੋਂ ਉਦੋਂ ਬਦਲੇਗਾ।

"ਜਿਸ ਦਿਨ ਤੁਸੀਂ ਆਪ ਕਰੋਗੇ,
ਕਲਪਣਾ ਤੋਂ ਹਕੀਕਤ ਦਾ ਸਫ਼ਰ



ਭਰਮ ਭੁਲੇਖਿਆਂ ਤੋਂ ਸੱਚਾਈ ਦਾ ਸਫ਼ਰ
ਭੱਠ ਪਏ ਲੋਹੇ ਤੋਂ ਹਥੌੜੇ ਦਾ ਸਫ਼ਰ
ਕੁੱਲੀਆਂ ਤੋਂ ਮਹਿਲਾਂ ਦਾ ਸਫ਼ਰ
ਕੱਖਾਂ ਕਾਨਿਆਂ ਤੋਂ ਇੱਟਾਂ ਦਾ ਸਫ਼ਰ
ਬੇਹੇ ਟੁੱਕਰਾਂ ਤੋਂ ਸ਼ਾਹੀ ਖਾਣਿਆਂ ਦਾ ਸਫ਼ਰ"। (ਟਾਈਮ ਫਾਰ ਚੇਂਜ਼)

ਪ੍ਰਗਤੀਵਾਦੀ ਪਰਮਿੰਦਰ ਦੀ ਕਵਿਤਾ ਦਾ ਮੁੱਖ ਵਿਸ਼ਾ ਹੈ, ਉਸਦੀ ਬੋਲੀ ਠੇਠ ਪੰਜਾਬੀ, ਭਾਸ਼ਾ ਸਾਦਾ-ਸਰਲ ਤੇ ਮਾਲਵੇ ਦੇ ਪੇਡੂ ਜੀਵਨ ਤੋਂ ਪ੍ਰਭਾਵਤ ਹੈ। ਕਲਾ ਪੱਖੋਂ ਭਾਵੇਂ ਇਸ ਕਿਤਾਬ ਵਿੱਚ ਕੁਝ ਕਮੀਆਂ ਰਹਿ ਗਈਆਂ ਹੋਣ ਪਰ ਚੰਗੇ ਵਿਸ਼ਿਆਂ ਦੀ ਚੋਣ ਪੱਖੋਂ ਇੱਕ ਵਧੀਆ ਉੱਦਮ ਹੈ। ਜੋ ਉਹ ਕਹਿਣਾ ਚਾਹੁੰਦੀ ਹੈ ਡੰਕੇ ਦੀ ਚੋਟ ਤੇ ਨਿਧੜਕ ਹੋ ਕੇ ਕਹਿੰਦੀ ਹੈ। ਪਰਮਿੰਦਰ ਇੱਕ ਆਦਰਸ਼ ਮਾਂ. ਚੰਗੀ ਪਤਨੀ ਤੇ ਮਿਲਾਪੜੀ ਦੋਸਤ ਤੇ ਇੱਕ ਵਧੀਆ ਵਰਕਰ ਹੈ।ਦੁਨੀਆਂ ਦੇ ਚੌਤਰਫੇ ਵਿਸ਼ਵ ਵਿਆਪੀ ਆਰਥਿਕ, ਰਾਜਨੀਤਿਕ, ਸੈਨਿਕ, ਸਭਿਆਚਾਰਕ ਹਮਲੇ ਜੋ ਦੁਨੀਆਂ ਦੇ ਮਿਹਨਤਕਸ਼ ਲੋਕ ਹੰਢਾ ਰਹੇ ਹਨ ਉਹਨਾਂ ਬਾਰੇ ਸੋਝੀ ਰੱਖਣਾ ਆਮ ਵਿਅਕਤੀ ਦੀ ਨਹੀਂ ਸਗੋਂ ਪਰਮਿੰਦਰ ਵਰਗੀ ਬਹੁ ਪੱਖੀ ਸਖਸ਼ੀਅਤ ਦੀ ਪਹੁੰਚ ਹੀ ਹੋ ਸਕਦੀ ਹੈ। ਮੈਨੂੰ ਇਹ ਉਮੀਦ ਹੀ ਨਹੀਂ ਸਗੋਂ ਯਕੀਨ ਹੈ ਕਿ ਪਰਮਿੰਦਰ ਦੀ ਕਲਮ ਉਦੋਂ ਤੱਕ ਲਿਖਦੀ ਰਹੇਗੀ ਜਦੋਂ ਤੱਕ ਮਿਹਨਤਕਸ਼ਾਂ ਦੇ ਸੁਪਨਿਆਂ ਦਾ ਸੰਸਾਰ ਨਹੀਂ ਸਿਰਜਿਆ ਜਾਂਦਾ। ਮੈਂ ਉਸਦੇ ਪਲੇਠੇ ਕਾਵਿ ਸੰਗ੍ਰਿਹਿ ਨੂੰ ਦਿਲ ਦੀਆਂ ਗਹਿਰਾਇਆਂ ਤੋਂ ਮੁਬਾਰਕਬਾਦ ਦਿੰਦੀ ਹੋਈ ਆਸ ਕਰਦੀ ਹਾਂ ਕਿ ਪੰਜਾਬੀ ਸਾਹਿਤ ਵਿੱਚ ਇਸਦਾ ਵਿਸ਼ੇਸ਼ ਥਾਂ ਹੋਵੇਗਾ।

—ਜਸਵੀਰ ਕੌਰ ਮੰਗੂਵਾਲ

# ਕਵਿਤਾ ਮੇਰੇ ਅੰਗ ਸੰਗ

ਅੱਜ ਜਦੋਂ ਜ਼ਿੰਦਗੀ 'ਤੇ ਪਿਛਲਖੁਰੀ ਨਜ਼ਰ ਮਾਰਦੀ ਹਾਂ ਤਾਂ ਕਵਿਤਾ ਮੇਰੇ ਜਨਮ ਦੇ ਨਾਲ ਨਾਲ ਪੁੰਗਰੀ ਨਜ਼ਰ ਆਉਂਦੀ ਹੈ ਪਰ ਇਸਨੂੰ ਕਿਤਾਬ ਦੇ ਰੂਪ ਵਿੱਚ ਦੇਖਣਾ ਇੱਕ ਵੱਡੀ ਜੱਦੋਜਹਿਦ ਹੈ। ਬਚਪਨ ਦੇ ਦਿਨਾਂ ਵਿੱਚ ਮੇਰਾ ਕਵਿਤਾ ਨਾਲ ਮੋਹ ਆਪਣੇ ਬਾਪੂ ਜੀ ਕਾਮਰੇਡ ਜਗਤਾਰ ਸਿੰਘ ਹੋਰਾਂ ਦੇ ਮੂੰਹੋਂ ਗੁਰਬਾਣੀ ਦੇ ਸ਼ਬਦ ਤੇ ਗਦਰੀ ਬਾਬਿਆਂ ਦੀ ਲਿਖੀ ਕਵਿਤਾ ਨੂੰ ਹੇਕਾਂ ਵਿੱਚ ਹਲ਼ ਦੇ ਮਗਰ ਜਾਂ ਖੂਹ ਦੀ ਗਾਧੀ 'ਤੇ ਬੈਠ ਕੇ ਸੁਣਨ ਨਾਲ ਪਿਆ। ਸਮਝ ਚਾਹੇ ਨਹੀਂ ਸੀ ਪਰ ਉਹਨਾਂ ਦਾ ਗਾਣਾ ਸੁਣ ਕੇ ਚੰਗਾ ਲੱਗਣਾ ਤੇ ਯਾਦ ਕਰਨ ਦੀ ਕੋਸ਼ਿਸ਼ ਕਰਨਾ।15 ਅਗਸਤ ਨੂੰ ਚਾਰ ਪੰਜ ਦਿਨ ਮੇਲਾ ਲੱਗਦਾ ਹੁੰਦਾ ਸੀ ਉਦੋਂ, ਮੇਰੇ ਚਾਚਾ ਜੀ ਸ਼ਹੀਦ ਕਰਨੈਲ ਸਿੰਘ ਹੋਰਾਂ ਦੀ ਯਾਦ ਵਿੱਚ। ਸਕੇ ਸਬੰਧੀਆਂ ਤੇ ਰਿਸ਼ਤੇਦਾਰਾਂ ਨੇ ਉਨੇ ਦਿਨ ਰਹਿਣਾ ਜਿਨ੍ਹਾਂ ਵਿੱਚ ਤਾਇਆ ਜੀ ਪ੍ਰਿੰਸੀਪਲ ਤਖ਼ਤ ਸਿੰਘ, ਫੁੱਫੜ ਜੀ ਅਜੈਬ ਸਿੰਘ ਮਹਿਰੋਂ (ਬਾਬਾ ਵੈਨਕੂਵਰੀਆਂ), ਮੇਹਰ ਸਿੰਘ, ਵੀਰ ਕਰਮਜੀਤ ਕੁੱਸਾ ਤੇ ਆਂਢੀ ਗੁਆਂਢੀ ਤੇ ਹੋਰ ਸਾਰਿਆਂ ਨੇ ਬੈਠ ਕੇ ਮਜ਼ਮਾ ਲਾਉਣਾ। ਸਵੇਰ ਦੇ ਚਾਰ ਪੰਜ ਵੱਜ ਜਾਣੇ, ਉਹਨਾਂ ਸਾਰੀ ਰਾਤ ਕਵਿਤਾਵਾਂ ਦਾ ਹੜ੍ਹ ਲਿਆ ਦੇਣਾ। ਜਾ ਕੇ ਕਿਤੇ ਘੰਟਾ ਦੋ ਘੰਟੇ ਟੇਢੇ ਹੋਣਾ, ਜਿੱਥੇ ਕਿਤੇ ਜਗ੍ਹਾ ਮਿਲਣੀ। ਇਨ੍ਹਾਂ ਸਾਰੇ ਸਾਹਿਤ ਪ੍ਰੇਮੀਆਂ ਕਰਕੇ ਸਾਹਿਤ ਦਾ ਪ੍ਰਭਾਵ ਮੇਰੇ ਤੇ ਪੈਣਾ ਲਾਜ਼ਮੀ ਸੀ। ਕਰਮਜੀਤ ਕੁੱਸਾ ਨੇ ਸਾਡੇ (ਨਾਨਕਿਆਂ ਦੇ) ਘਰੋਂ ਲਿਖਣਾ ਸ਼ੁਰੂ ਕੀਤਾ ਸੀ, ਉਸ ਨੇ ਲਾਇਬਰੇਰੀ ਤੋਂ ਕਿਤਾਬਾਂ ਲਿਆ ਰੱਖਣੀਆਂ ਸੋ ਪੜ੍ਹਨ ਦਾ ਮੌਕਾ ਮਿਲ ਜਾਣਾ।ਇਸ ਕਰਕੇ ਕਿਤਾਬਾਂ ਪੜ੍ਹਨ ਦਾ ਸ਼ੌਂਕ ਜਲਦੀ ਸ਼ੁਰੂ ਹੋ ਗਿਆ ਸੀ।ਪਹਿਲਾਂ ਪਹਿਲ ਧਨੀ ਰਾਮ ਚਾਤ੍ਰਿਕ, ਪ੍ਰੋ. ਮੋਹਣ ਸਿੰਘ ਤੇ ਭਾਈ ਵੀਰ ਸਿੰਘ ਬਹੁਤ ਚੰਗੇ ਲੱਗਦੇ।ਸਾਡੀ ਦਸਵੀਂ ਦੀ ਅਲਵਿਦਾ ਪਾਰਟੀ ਸੀ, ਉਦੋਂ ਮੈਨੂੰ ਯਾਦ ਨਹੀਂ ਕਿਹੜੀ ਪਰ ਇੱਕ ਕਵਿਤਾ ਲਿਖ ਕੇ ਬੋਲੀ ਸੀ। ਫਿਰ ਉਸਤੋਂ ਬਾਅਦ ਛੋਟੀਆਂ ਮੋਟੀਆਂ ਕਵਿਤਾਵਾਂ ਲਿਖੀਆਂ ਪਰ ਸਾਂਭ ਨਾ ਸਕੀ।

ਬਾਬਾ ਜੀ ਜਵਾਹਰ ਸਿੰਘ ਦਾ ਗਦਰ ਲਹਿਰ ਨਾਲ ਨਾਤਾ ਤੇ ਬਾਪੂ ਜੀ ਦਾ ਪਿੰਡ ਵਿੱਚ ਨਿਆਂ ਤੇ ਅਨਿਆਂ ਦੀ ਲੜਾਈ ਲੜਨਾ, ਘਰ ਦੀ ਗ਼ਰੀਬੀ ਤੇ ਮੰਦਹਾਲੀ ਨੂੰ ਹੱਡੀਂ ਹੰਢਾਉਣਾ ਤੇ ਅਮੀਰ ਗਰੀਬ ਦੇ ਪਾੜੇ ਦੇ ਆਰ ਪਾਰ ਹੋਣ ਦੀ ਕੋਸ਼ਿਸ਼ ਕਰਨਾ ਹੀ ਮੇਰੀ ਕਵਿਤਾ ਹੈ। ਕਾਲਜ ਜਾ ਕੇ ਜਦੋਂ ਰਾਜਨੀਤੀ ਦਾ ਦੋਗ਼ਲਾਪਣ, ਧਾਰਮਿਕ ਪਖੰਡ, ਸਮਾਜਿਕ ਅਨਿਆਂ ਤੇ ਆਰਥਿਕ ਪਾੜੇ ਨੂੰ ਨੀਝ ਲਾ ਕੇ ਅੰਦਰੂਨੀ ਦ੍ਰਿਸ਼ਟੀ ਨਾਲ ਦੇਖਿਆ ਤਾਂ ਸਭ ਕੁਝ ਮਖੌਟਿਆਂ ਵਿੱਚ ਨਜ਼ਰ ਆਇਆ।ਕਾਲਜ ਦੇ ਦਿਨਾਂ ਵਿੱਚ



ਪੰਜਾਬ ਸਟੂਡੈਂਟਸ ਯੂਨੀਅਨ ਦੀ ਕਾਲਜ ਇਕਾਈ ਦੀ ਪ੍ਰਧਾਨ ਤੇ ਮਜ਼ਦੂਰ ਯੂਨੀਅਨ ਦੀ ਮੈਂਬਰ ਹੋਣ ਸਦਕਾ ਬਹੁਤ ਸਾਰਾ ਮਾਰਕਸ ਤੇ ਲੈਨਿਨਵਾਦੀ ਸਾਹਿਤ ਪੜ੍ਹਨ ਦਾ ਮੌਕਾ ਮਿਲਿਆ ਜਿਸਨੇ ਪੁੰਗਰਦੀ ਸੋਚ ਨੂੰ ਹੁੱਜਾਂ ਲਾਉਣੀਆਂ ਸ਼ੁਰੂ ਕਰ ਦਿੱਤੀਆਂ।ਇਸ ਸਮੇਂ ਦੇ ਸ਼ਾਹਕਾਰ ਕਵੀ ਸੰਤ ਰਾਮ ਉਦਾਸੀ, ਪਾਸ਼, ਰਾਮ ਸਰੂਪ ਸ਼ਰਮਾ, ਮਿੰਦਰਪਾਲ ਭੱਠਲ, ਜੈਮਲ ਪੱਡਾ ਮੇਰੇ ਗੁਰੂ ਕਵੀ ਹਨ।ਉਹਨਾਂ ਦੀਆਂ ਪੈੜਾਂ 'ਤੇ ਚੱਲਣ ਦਾ ਮੈਂ ਮਾਣ ਮਹਿਸੂਸ ਕਰਦੀ ਹਾਂ। ਕਾਲਜ ਮੈਗਜ਼ੀਨ ਦੀ ਸੰਪਾਦਿਕਾ ਦੇ ਤੌਰ 'ਤੇ ਡਿਊਟੀ ਨਿਭਾਉਂਦਿਆਂ ਕੁੜੀਆਂ ਦੀਆਂ ਸਾਹਿਤਕ ਰੁਚੀਆਂ ਦੀ ਘਾਟ ਮਹਿਸੂਸ ਹੋਣੀ ਪਰ ਮੈਗਜ਼ੀਨ ਦੀ ਲੋੜ ਨੂੰ ਪੂਰਾ ਕਰਨ ਲਈ ਬਹੁਤੀ ਵਾਰੀ ਕਈ ਕਈ ਮੇਰੀਆਂ ਰਚਨਾਵਾਂ ਉਹਨਾਂ ਦੇ ਨਾਵਾਂ ਹੇਠ ਛਾਪਣੀਆਂ। ਇਸ ਸਮੇਂ ਦੌਰਾਨ ਕਵਿਤਾ ਉਚਾਰਨ ਜਾਂ ਲੇਖ ਮੁਕਾਬਲਿਆਂ ਵਿੱਚ ਮਿਲਦੀ ਹੌਸਲਾ ਅਫਜ਼ਾਈ ਨੇ ਜ਼ਿੰਦਗੀ ਦੇ ਅਮੁੱਲੇ ਕਾਵਿ ਅਨੁਭਵ ਪ੍ਰਦਾਨ ਕੀਤੇ।ਉਦੋਂ ਗਿਣਤੀ ਦੀਆਂ ਕੁਝ ਕਵਿਤਾਵਾਂ, ਲੇਖ , ਕਹਾਣੀਆਂ ਤੇ ਇੱਕ ਨਾਟਕ ਲਿਖਿਆ। ਕਾਲਜ ਮੈਗਜ਼ੀਨ ਤੇ ਹੋਰ ਨਿਕਲਦੇ ਪੇਪਰਾਂ ਵਿੱਚ ਛਪਵਾਏ।

1989 ਵਿੱਚ ਜ਼ਿੰਦਗੀ ਵਿੱਚ ਅਜਿਹਾ ਮੋੜ ਆਇਆ ਕਿ ਸਾਹਿਤ ਨੂੰ ਆਪਣੀ ਅਲਮਾਰੀ 'ਚ ਬੰਦ ਕਰ ਸਿੱਧੀ ਈਸੜੂ ਤੋਂ ਕੈਨੇਡਾ ਆ ਪੁੱਜੀ। ਨਵੇਂ ਲੋਕ, ਨਵਾਂ ਵਾਤਾਵਰਨ, ਕੰਮ ਦੀ ਦੌੜ, ਵੀਹ ਡਾਲਰਾਂ ਦੇ ਚਾਲੀ, ਚਾਲੀ ਦੇ ਅੱਸੀ ਤੇ ਨੜਿਨਵੇਂ ਦੇ ਚੱਕਰ ਵਿੱਚ ਪੈਰਾਂ ਤੇ ਖੜ੍ਹੇ ਹੋਣ ਦੀ, ਬੱਚਿਆਂ ਦਾ ਭਵਿੱਖ ਸੁਆਰਨ ਦੀ, ਜ਼ਿੰਦਗੀ ਦੀ ਜੱਦੋ ਜਹਿਦ ਵਿੱਚ ਅਮੀਰੀ ਦੀ ਝਲਕ ਦੇਖਣ ਦੀ ਚਾਹਤ ਵਿੱਚ ਕਵਿਤਾ ਤਾਂ ਵਿੱਸਰ ਹੀ ਗਈ। ਸਾਹਿਤ ਤੋਂ ਕੋਹਾਂ ਦੂਰ ਕਦੇ ਕਦਾਈਂ ਕੋਈ ਕਿਤਾਬ ਪੜ੍ਹਨ ਨੂੰ ਮਿਲਦੀ। ਕਵਿਤਾ ਅਣਕਹੇ ਤੇ ਅਣਅੰਕਤ ਸ਼ਬਦਾਂ ਨਾਲ ਅੰਦਰੇ ਅੰਦਰ ਸੁਲਘਦੀ ਰਹਿੰਦੀ।

2004 ਵਿੱਚ ਇੱਥੇ ਨਵੀਂ ਬਣੀ ਤਰਕਸ਼ੀਲ ਸੁਸਾਇਟੀ ਦੇ ਮੈਂਬਰਾਂ ਨੂੰ ਜਦੋਂ ਮਿਲੀ ਉਦੋਂ ਉਹਨਾਂ ਦੀ ਹੱਲਾਸ਼ੇਰੀ ਨਾਲ "ਭਲਾ ਮੈਂ ਕੌਣ" ਭਰੂਣ ਹੱਤਿਆ ਦੀ ਮੂੰਹ ਬੋਲਦੀ ਤਸਵੀਰ ਨੂੰ ਕਾਵਿ ਨਾਟਕ ਦੇ ਰੂਪ ਵਿੱਚ ਲਿਖਿਆ। ਉਸ ਤੋਂ ਬਾਅਦ ਕਾਫੀ ਨਾਟਕ ਲਿਖੇ ਤੇ ਖੇਡੇ।ਜਿਸ ਦੇ ਫਲਸਰੂਪ ਮੇਰੀ ਪਲੇਠੀ ਪੁਸਤਕ ਲਘੂ ਨਾਟ ਸੰਗ੍ਰਿਹ "ਭਲਾ ਮੈਂ ਕੌਣ" ਪਾਠਕਾਂ ਨੂੰ ਦੇ ਚੁੱਕੀ ਹਾਂ।ਕਵਿਤਾ ਵੀ ਲਿਖਦੀ ਸੀ ਸਿਰਫ ਪ੍ਰੋਗਰਾਮਾਂ ਤੇ ਬੋਲਣ ਲਈ ਪਰ ਚਿਤਵਿਆ ਨਹੀਂ ਸੀ ਕਿ ਕਦੇ ਕਿਤਾਬ ਬਣ ਸਕੇਗੀ।ਅੰਕਲ ਜੀ ਅਵਤਾਰ ਗਿੱਲ ਤੇ ਮੇਰੀ ਛੋਟੀ ਭੈਣ ਜਸਵੀਰ ਮੰਗੂਵਾਲ ਨੇ ਬਹੁਤ ਹੱਲਾਸ਼ੇਰੀ ਦੇਣੀ ਤੇ ਸਮੇਂ ਸਮੇਂ ਤੇ ਗਲਤੀਆਂ ਦਾ ਅਹਿਸਾਸ ਵੀ ਕਰਵਾਉਣਾ।

ਪਿਛਲੇ ਸਾਲ ਜਦੋਂ ਕੇਂਦਰੀ ਪੰਜਾਬੀ ਲਿਖਾਰੀ ਸਭਾ ਤੇ ਲੇਖਕ ਮੰਚ ਦੀਆਂ ਮੀਟਿੰਗਾਂ ਵਿੱਚ ਜਾਣ ਤੇ ਕਵਿਤਾ ਉਹਨਾਂ ਦੇ ਰੂਬਰੂ ਰੱਖਣ ਦਾ ਮੌਕਾ ਮਿਲਿਆ ਤਾਂ ਸਾਰੇ ਮੈਂਬਰਾਂ ਨੇ ਹੌਸਲਾ ਅਫਜਾਈ ਕੀਤੀ। ਪ੍ਰਧਾਨ ਇੰਦਰਜੀਤ ਕੌਰ ਸਿੱਧੂ ਕੇਂਦਰੀ ਪੰਜਾਬੀ ਲਿਖਾਰੀ ਸਭਾ ਤੇ ਜਸਵੀਰ ਮੰਗੂਵਾਲ ਦੇ ਉੱਦਮ ਸਦਕਾ ਮੈਂ ਪਾਠਕਾਂ ਸਾਹਮਣੇ ਸਿਰ ਝੁਕਾ ਕੇ ਖੜ੍ਹਨ ਦੀ ਜੁਅਰਤ ਕੀਤੀ ਹੈ।ਇਨ੍ਹਾਂ ਦੀ ਮੈਂ ਕੋਟਿ ਕੋਟਿ ਧੰਨਵਾਦੀ ਹਾਂ, ਜਿਨ੍ਹਾਂ ਨੇ ਕਵਿਤਾਵਾਂ ਨੂੰ ਨਿਖਾਰ ਕੇ ਤੇ ਇਨ੍ਹਾਂ ਦੀ ਪ੍ਰਸ਼ੰਸਾ ਵਿੱਚ ਦੋ ਸ਼ਬਦ ਲਿਖ ਕੇ ਮੇਰਾ ਮਾਣ ਵਧਾਇਆ ਹੈ ਤੇ ਇਨ੍ਹਾਂ ਨੂੰ ਮੇਰੀ ਸਮਰੱਥਾ ਤੋਂ ਉੱਚਾ ਪਹੁੰਚਾਉਣ ਦੀ ਕੋਸ਼ਿਸ਼ ਕੀਤੀ ਹੈ। ਵੀਰ ਜੀ ਸੁਰਿੰਦਰ ਸਿੰਘ, ਛੋਟਾ ਵੀਰ ਜੱਸੀ ਤੇ ਕਾਮਰੇਡ ਹਰਭਜਨ ਚੀਮਾ ਦਾ ਧੰਨਵਾਦ ਕਰਦੀ ਹਾਂ ਜਿਨ੍ਹਾਂ ਨੂੰ ਵੇਲੇ ਕੁਵੇਲੇ ਆਪਦੇ ਸ਼ਬਦਾਂ ਦਾ ਜ਼ੰਜਾਲ ਉਹਨਾਂ ਸਿਰ ਮੜ੍ਹਦੀ ਹੋਈ ਉਹਨਾਂ ਨੂੰ ਸੁਣਨ ਲਈ ਮਜ਼ਬੂਰ ਕਰਦੀ ਸੀ। ਅਜਮੇਰ ਸਿੱਧੂ ਤੇ ਅਤਰਜੀਤ ਦਾ ਵੀ ਦਿਲੋਂ ਧੰਨਵਾਦ ਕਰਦੀ ਹਾਂ ਉਹਨਾਂ ਤੋਂ ਬਿਨ੍ਹਾਂ ਤਾਂ ਮੈਂ ਪ੍ਰਦੇਸਾਂ ਵਿੱਚ ਬੈਠੀ ਕਿਤਾਬ ਬਾਰੇ ਕਦੇ ਸੋਚ ਵੀ ਨਹੀਂ ਸਕਦੀ ਸੀ, ਉਹਨਾਂ ਦੇ ਉੱਦਮ ਦਾ ਫ਼ਲ ਤੁਹਾਡੇ ਸਾਹਮਣੇ ਹੈ।ਮੇਰੇ ਜੀਵਨ ਸਾਥੀ ਮਲਕੀਤ ਦੇ ਵੀ ਕਵਿਤਾ ਦੇ ਚੰਗੇ ਮਾੜੇ ਪੱਖ ਨੂੰ ਪਰਖਣ, ਕਹਿਣ ਤੇ ਛਪਵਾਉਣ ਲਈ ਯਤਨ ਮੁਹੱਈਆ ਕਰਨੇ ਇੱਕ ਵੱਡਾ ਕਾਰਜ ਸੀ ਜੋ ਉਹਨਾਂ ਨੇ ਨੇਪਰੇ ਚਾੜ੍ਹਿਆ ਹੈ।ਮੈਂ ਮਲਕੀਤ ਤੇ ਮੇਰੇ ਬੱਚਿਆਂ ਜਾਸਮਿਨ, ਸ਼ਾਨ ਤੇ ਅਨਮੋਲ ਦੀ ਰਿਣੀ ਹਾਂ ਜਿਨ੍ਹਾਂ ਦੇ ਕੀਮਤੀ ਸਮੇਂ ਵਿੱਚੋਂ ਮੈਂ ਸਮਾਂ ਲੈ ਕੇ, ਉਹਨਾਂ ਨੂੰ ਅੱਖੋਂ ਪਰੋਖੇ ਕਰਕੇ "ਮਖੌਟਿਆਂ ਦੇ ਆਰ ਪਾਰ" ਨੂੰ ਸਾਹਿਤਕ ਪ੍ਰੇਮੀਆਂ ਦੇ ਸਾਹਮਣੇ ਲਿਆ ਸਕੀ ਹਾਂ।

"ਮਖੌਟਿਆਂ ਦੇ ਆਰ ਪਾਰ" ਵਿੱਚ ਮੈਂ ਮੇਰੀ ਸਮਝ ਮੁਤਾਬਕ ਰਾਜਨੀਤਕ, ਧਾਰਮਿਕ, ਸਮਾਜਿਕ ਤੇ ਆਰਥਕ ਤਾਣੇ ਬਾਣੇ ਦੇ ਆਰ ਪਾਰ ਝਾਕਣ ਦੀ ਕੋਸ਼ਿਸ਼ ਕੀਤੀ ਹੈ। ਜਿਹੜੀਆਂ ਕੁਝ ਗੱਲਾਂ ਸਾਡੇ ਵਿੱਚ ਆਮ ਹੀ ਹੁੰਦੀਆਂ ਹਨ, ਬਹੁਤੀ ਵਾਰ ਉਹਨਾਂ ਦੀ ਘੋਖ ਪੜਤਾਲ ਕਰਨਾ ਸਾਨੂੰ ਗਵਾਰਾ ਨਹੀਂ ਕਰਦਾ ਤੇ ਜਾਂ ਪੂੰਜੀਪਤੀ ਸਮਾਜ ਠੂੰਗਾ ਦੇ ਕੇ ਚੁੱਪ ਕਰਾ ਦਿੰਦਾ ਹੈ।ਮੈਂ ਹਰ ਉਹ ਵਿਸ਼ੇ ਤੇ ਲਿਖਣ ਦੀ ਕੋਸ਼ਿਸ਼ ਕੀਤੀ ਹੈ ਜਿਸਨੇ ਮੈਨੂੰ ਕਿਤੇ ਨਾ ਕਿਤੇ ਧੁਰ ਅੰਦਰ ਤੱਕ ਟੁੰਬਿਆ ਹੈ, ਪ੍ਰਦੇਸੀ ਤੇ ਭਾਰਤੀ ਜੀਵਨ ਵਿੱਚ ਆਉਂਦੀਆਂ ਦੁਸ਼ਵਾਰੀਆਂ ਦੀ ਗੱਲ ਕੀਤੀ ਹੈ, ਸੰਗਰਾਮ ਲਈ ਜੂਝ ਰਹੇ ਲੋਕਾਂ ਦੀ ਉਂਗਲ ਫੜ ਦੋ ਕਦਮ ਅੱਗੇ ਵੱਧਣ ਲਈ ਤੇ ਸੋਚਣ ਲਈ ਇੱਕ ਰਾਹ ਉਲੀਕਿਆ ਹੈ।ਜੇ ਇਹ ਤੁੱਛ ਜਿਹੀਆਂ ਲਿਖਤਾਂ ਰੌਸ਼ਨ ਭਵਿੱਖ ਦੀ ਆਸ ਵਿੱਚ ਪਨਪਦੀ ਜ਼ਿੰਦਗੀ, ਅੰਧਵਿਸ਼ਵਾਸ ਦੀ ਚਾਦਰ ਵਿੱਚ ਲਿਪਟੇ, ਸਿਆਸੀ ਭ੍ਰਿਸ਼ਟਾਚਾਰ ਦੀ ਛੱਤਰੀ ਹੇਠਾਂ ਪਲਦੇ, ਧਾਰਮਿਕ ਪਖੰਡ ਦੀ ਰਜ਼ਾ ਵਿੱਚ ਰਹਿੰਦੇ, ਗਰੀਬੀ ਮੰਦਹਾਲੀ ਨਾਲ ਜੂਝਦੇ ਤੇ



ਔਰਤਾਂ ਨੂੰ ਤ੍ਰਾਸਦੀ ਤੋਂ ਕੱਢਣ ਲਈ ਸਹੀ ਸੇਧ ਦੇ ਸਕਣ ਤਾਂ ਮੈਂ ਸਮਝਾਂਗੀ ਕਿ ਹੱਕੀ ਸੰਗਰਾਮਾਂ ਵਿੱਚੋਂ ਉਪਜੀ ਕਵਿਤਾ ਦਾ ਜਨਮ ਕਾਰਜ ਨੇਪਰੇ ਚੜ੍ਹ ਰਿਹਾ ਹੈ। ਇਸ ਆਸ ਨਾਲ ਪਾਠਕਾਂ ਦੇ ਭਰਭੂਰ ਹੁੰਗਾਰੇ ਨਾਲ।

ਤੁਹਾਡੀ ਸਭ ਦੀ

**ਪਰਮਿੰਦਰ ਸਵੈਚ**

## ਪੰਜਾਬ

ਜਦੋਂ ਉਹ ਹਿੱਕ ਕੱਢ ਕੇ
ਤਰੰਨਮ ਵਿੱਚ ਹੇਕ ਲਾ ਕੇ
ਮਸਤੀ ਵਿੱਚ ਗਾਉਂਦਾ ਹੈ
ਤੇ ਮਾਣ ਕਰਦਾ ਹੈ
ਉਸ ਦੇਸ਼ ਦੇ ਵਾਸੀ ਹੋਣ ਦਾ
"ਜੀਹਦਾ ਮਿਸ਼ਰੀ ਵਰਗਾ ਪਾਣੀ,
ਜਰ੍ਹੇ ਜਰ੍ਹੇ ਵਿੱਚ ਪਿਆਰ।
ਪੰਜ ਦਰਿਆ ਦੀ ਧਰਤੀ ਜਿੱਥੇ,
ਡੁੱਲ੍ਹ ਡੁੱਲ੍ਹ ਪੈਣ ਸ਼ਬਾਬ"
ਤਾਂ ਲੱਗਦਾ ਹੈ ਕਿ ਇਹ
ਪੰਜਾਬ ਦੀ ਨਹੀਂ
ਕਿਸੇ ਸੁਪਨ ਦੇਸ਼ ਦੀ
ਕਰਦਾ ਹੋਵੇ ਗੱਲ।



ਪੰਜਾਬ ਦੇ ਮਿੱਠੇ ਪਾਣੀ ਤਾਂ
ਬਣ ਚੁੱਕੇ ਹਨ ਮਹੁਰਾ
ਜਿਸ ਵਿੱਚ ਪਲ਼ਦੀ ਹੈ
ਬਿਮਾਰ ਤੇ ਨਿਰਬਲ ਜ਼ਿੰਦਗੀ
ਰੀਂਗਦੇ ਤੇ ਮਰ ਜਾਂਦੇ ਨੇ
ਸੈਂਕੜੇ ਹੀ ਕੈਂਸਰ ਤੇ ਹੈਜ਼ੇ ਦੇ ਪੀੜਤ।
ਉਥੋਂ ਦਾ ਅੰਨ ਦਾਤਾ
ਭੁੱਖ ਤੇ ਮਹਿੰਗਾਈ ਦਾ ਨਪੀੜਿਆ
ਹਰ ਰੋਜ਼ ਲੈਂਦਾ ਹੈ ਫਾਹਾ
ਆਪਣੇ ਹੀ ਪੁੱਤਾਂ ਵਾਂਗ ਪਾਲ਼ੇ
ਦਰਖ਼ਤਾਂ ਦੇ ਟਾਹਣੇ 'ਤੇ।
ਮਜ਼ਦੂਰ ਰੁਲ਼ਦਾ ਹੈ
ਕਾਰਖਾਨਿਆਂ ਦੀਆਂ ਚਿਮਨੀਆਂ ਦੇ
ਧੂੰਏ ਦੀ ਜਿਰਬਲ਼ ਵਿੱਚ
ਜੋ ਰਚ ਜਾਂਦੀ ਹੈ
ਉਸਦੇ ਹੱਡਾਂ ਤੇ ਸਾਹਾਂ ਵਿੱਚ
ਗਰੀਸ ਵਾਂਗ।
ਉਥੋਂ ਦੀ ਜਵਾਨੀ
ਮਾਰਦੀ ਹੈ ਕੰਧਾਂ'ਚ ਟੱਕਰਾਂ
ਏਜੰਟਾਂ ਦੇ ਮੋਢਿਆਂ 'ਤੇ ਬਹਿ
ਰੁਲਣ ਲਈ ਵਿਦੇਸ਼ੀ ਚਕਾਚੌਂਧ ਵਿੱਚ।
ਹੁਣ ਉਥੇ ਗੱਲ
ਪੰਜ ਦਰਿਆਵਾਂ ਦੀ ਨਹੀਂ ਹੁੰਦੀ
ਹੁੰਦੀ ਹੈ ਨਸ਼ਿਆਂ ਦੇ ਛੇਵੇਂ ਦਰਿਆ ਦੀ
ਜਿਸ ਵਿੱਚ
ਬਣਾ ਕੇ ਕਾਗਜ਼ ਦੀਆਂ ਬੇੜੀਆਂ
ਤਾਰੀਆਂ ਤਾਂ ਲਾਉਂਦੇ ਨੇ ਜਵਾਨ
ਪਰ ਪੱਤਣਾਂ ਤੋਂ ਵਾਂਝੇ
ਮਰ ਖੱਪ ਜਾਂਦੇ ਨੇ ਮੰਝਧਾਰ ਵਿੱਚ।
ਉਥੋਂ ਦੀਆਂ ਧੀਆਂ

ਬਾਪੂ ਦੀ ਚਿੱਟੀ ਪੱਗ ਦੀ ਲਾਜ ਰੱਖਣ ਲਈ
ਬਣ ਜਾਂਦੀਆਂ ਨੇ ਰਿਸ਼ਵਤਖੋਰ ਡਾਕਟਰ
ਦੀ ਕੈਂਚੀ ਦਾ ਸਵਾਦ
ਸੰਸਾਰ ਦੀ ਛੋਹ ਮਾਨਣ ਤੋਂ ਪਹਿਲਾਂ।
ਜਾਂ ਧੁੱਖਦੀਆਂ ਨੇ ਗਿੱਲੇ ਗੋਹੇ ਦੀ ਤਰ੍ਹਾਂ
ਦਾਜ ਦੇ ਭੁੱਖਿਆਂ ਸ਼ੇਰਾਂ ਦੀ ਦਹਾੜ ਸਾਹਵੇਂ।
ਉਥੋਂ ਦੀਆਂ ਮਾਂਵਾ
ਤਰਸਦੀਆਂ ਵੀ ਹਨ
ਆਪਣੇ ਬੱਚਿਆਂ ਦਾ ਮੂੰਹ ਦੇਖਣ ਲਈ
ਜੋ ਗਏ ਸੀ ਰੋਟੀ ਰੋਜ਼ੀ ਕਮਾਉਣ
ਬਣ ਗਏ ਸੀ ਸਾਧਨ ਜਾਨਵਰਾਂ ਦੀ ਭੁੱਖ ਦਾ।
ਉਥੋਂ ਦੀ ਹਵਾ
ਹੁਣ ਸਰਸਰਾਉਂਦੀ, ਰੁਮਕਦੀ ਨਹੀਂ
ਤੇ ਨਾ ਹੀ ਦਿੰਦੀ ਹੈ ਭਿੰਨੀ ਭਿੰਨੀ ਖੁਸ਼ਬੋ।
ਲਿਆਉਂਦੀ ਹੈ ਪ੍ਰਦੂਸ਼ਣ ਦਾ ਤੂਫ਼ਾਨ
ਜੋ ਬਣਦਾ ਹੈ ਜਾਨ ਦਾ ਖੌਅ।
ਉਥੋਂ ਦੀਆਂ ਚਿੜੀਆਂ
ਕਰਦੀਆਂ ਨਹੀਂ ਚੀਂ ਚੀਂ
ਜੋ ਜਗਾਉਂਦੀਆਂ ਸਨ
ਹਾਲ਼ੀਆਂ ਨੂੰ ਹਲ਼ ਜੋੜਨ ਲਈ।
ਵਿਚਾਰੀਆਂ ਚਿੜੀਆਂ
ਕੁੜੀਆਂ ਵਾਂਗ
ਚੜ੍ਹ ਗਈਆਂ ਨੇ ਭੇਂਟ
ਕਾਰਪੋਰੇਸ਼ਨਾਂ ਦੀਆਂ
ਵਾਧੂ ਉਪਜ ਲਈ ਪੈਦਾ ਕੀਤੀਆਂ
ਰਸਾਇਣਕ ਖਾਦਾਂ ਨਾਲ
ਢਿੱਡ ਦੀ ਭੁੱਖ ਦੂਰ ਕਰਨ ਲਈ।
ਹੁਣ ਉਥੋਂ ਦੇ ਖੇਤਾਂ ਵਿੱਚ
ਉੱਗਦਾ ਨਹੀਂ ਸੋਨਾ



ਉੱਗਦੇ ਹਨ ਮਰ ਚੁੱਕੇ
ਉਦਾਸ, ਪ੍ਰੇਸ਼ਾਨ, ਗਮਗੀਨ ਸੁਪਨੇ।
ਜਿਨ੍ਹਾਂ ਬਾਅਦ ਵਿੱਚ ਖੇਤਾਂ ਜਾਂ
ਮੰਡੀਆਂ ਵਿੱਚ ਰੁਲ਼ਣਾ ਹੈ।
ਪੰਜ-ਆਬਾਂ ਦੇ ਪਾਣੀਆਂ ਵਿੱਚ
ਫੈਲੀ ਫਿਰਕੂ ਜ਼ਹਿਰ
1947 ਤੇ 1984 ਦਾ ਭੁੱਲ ਗਈ ਹੈ ਸਾਕਾ।
ਸੁਲ਼ਗਦੀ ਹੈ ਹਰ ਦਿਨ
ਪਿੰਡਾਂ ਤੇ ਸ਼ਹਿਰਾਂ ਵਿੱਚ
ਹਜੂਮ ਵਿੱਚੋਂ ਉਠਦਾ ਹੈ
ਅਗਜ਼ਨੀ ਦਾ ਤੂਫ਼ਾਨ।
ਭੰਬਲ਼ਭੂਸੇ ਵਿੱਚ ਲੋਕ
ਟੇਕ ਦਿੰਦੇ ਹਨ ਗੋਡੇ
ਫਿਰਕੂ ਜ਼ਨੂੰਨ ਅੱਗੇ
ਉਹ ਤਾਂਡਵ ਨਾਚ ਨੱਚਦਾ ਹੈ
ਨੋਚਦਾ ਹੈ
ਮਾਸੂਮੀਅਤ ਦੀਆਂ ਆਂਦਰਾਂ।
ਉਥੋਂ ਦੀ ਰਾਜਨੀਤੀ ਨੇ
ਦਿੱਤਾ ਹੈ ਹੁਲਾਰਾ
ਧਾਰਮਿਕ ਪਖੰਡ ਨੂੰ
ਜੋ ਖੇਡਦਾ ਹੈ ਕਬੱਡੀ ਕਬੱਡੀ
ਪੱਟਾਂ ਤੇ ਹੱਥ ਮਾਰ ਕੇ
ਲੋਕਾਂ ਦੀਆਂ ਭਾਵਨਾਵਾਂ ਨੂੰ ਉਕਸਾਉਣ ਲਈ।
ਪੰਜਾਬ ਦੀਆਂ ਸਿਫ਼ਤਾਂ
ਹੇਕਾਂ ਤੇ ਤਰੰਨਮ ਵਿੱਚ
ਰਹਿ ਗਈਆਂ ਨੇ ਸਿਰਫ਼ ਗਾਉਣ ਲਈ
ਫਸ ਗਈ ਹੈ ਅਸਲੀਅਤ
ਭ੍ਰਿਸ਼ਟ ਰਾਜਨੀਤੀ ਦੇ ਚੁੰਗਲ ਵਿੱਚ।

3 ਮਾਰਚ, 2010.

## ਇਨਸਾਫ਼

ਛੋਟੇ ਤੋਂ ਲੈ ਕੇ ਵੱਡੇ ਤੱਕ
ਸਭਦੀ ਜ਼ੁਬਾਨ 'ਤੇ ਇੱਕ ਸ਼ਬਦ ਅਉਂਦਾ ਰਹਿੰਦੈ।
ਚਾਰ ਅੱਖਰਾਂ ਦਾ 'ਇਨਸਾਫ਼' ਸ਼ਬਦ,
ਆਪਣੀ ਕੀਮਤ ਹੱਦੋਂ ਵੱਧ ਪਵਾਉਂਦੈ।
ਇਸ ਇਨਸਾਫ਼ ਦੀ ਕਹਾਣੀ ਬਹੁਤ ਲੰਮੀ ਹੈ,
ਇਹ ਸੱਚ ਲਈ ਸ਼ਹੀਦੀਆਂ ਤੇ ਕੁਰਬਾਨੀਆਂ
ਦੀ ਕਹਾਣੀ ਹੈ।
ਇਸ ਇਨਸਾਫ਼ ਲਈ ਤੱਤੀਆਂ ਦੇਗਾਂ



ਵਿੱਚ ਉਬਲਣ ਤੋਂ ਲੈ ਕੇ,
ਚਰਖ਼ੜੀਆਂ ਤੇ ਚੜ੍ਹਨ ਤੱਕ———
ਕਿੱਕਰਾਂ ਤੇ ਟਾਹਲੀਆਂ ਦੀ ਓਟ ਲੈ ਕੇ,
ਛਾਤੀਆਂ ਨੂੰ ਛਾਨਣੀਆਂ ਕਰਨ ਤੱਕ——-
ਸੂਏਆਂ, ਨਹਿਰਾਂ ਦੇ ਪੁਲਾਂ 'ਤੇ
ਪੁਲਿਸ ਮੁਕਾਬਲਿਆਂ ਵਿੱਚ ਬੇਦੋਸ਼ਿਆਂ ਨੂੰ
ਦੋਸ਼ੀ ਠਹਿਰਾਉਣ ਤੱਕ———-
ਢਿੱਡ ਦੀ ਭੁੱਖ ਨਾਲ ਵਿਲਕਦੇ ਬੱਚਿਆਂ ਲਈ,
ਮਾਂ ਦੀ ਅਸਮਤ ਲੁਟਾਉਣ ਤੱਕ——-
ਸੱਸੀ ਦਾ ਤੱਪਦੇ ਥਲਾਂ 'ਤੇ,
ਸੋਹਣੀ ਦਾ ਕੱਚੇ ਘੜੇ 'ਤੇ ਤਰਨ ਤੱਕ——-
ਥੱਬੇ ਡਿਗਰੀਆਂ ਦੇ ਲੈ ਕੇ,
ਦਫਤਰਾਂ ਦੀਆਂ ਦੇਹਲੀਆਂ 'ਚ ਰੁੱਲਣ ਤੱਕ——-
ਜਵਾਨ ਸੱਧਰਾਂ ਤੇ ਕੀਮਤੀ ਦਾਜ ਲਈ,
ਸਟੋਵ ਨਾਲ ਸੜ ਕੇ ਬਲੀ ਦੇਣ ਤੱਕ———
'ਇਨਸਾਫ' ਲਈ ਕੀ ਕੁੱਝ ਨਹੀਂ ਹੋਇਆ ?

ਇਸ ਅਪਰਾਧ ਦੇ ਬਦਲੇ,
ਕਿ ਇਨਸਾਫ਼ ਕਿਉਂ ਮੰਗਿਆ ਜਾਂਦੈ ?
ਇੱਕ ਭੁੱਖਾ ਢਿੱਡ ਰੋਟੀ ਲਈ ਤੜਫ਼ ਉਠਦਾ ਹੈ,
ਜੇ ਉਹ ਰੋਟੀ ਲਈ ਕੂਕਦਾ ਹੈ—
ਤਾਂ ਉਸ ਦੀ ਜ਼ੁਬਾਨ 'ਤੇ
ਸੰਗੀਨਾਂ ਦੇ ਪਹਿਰੇ ਲਾਏ ਜਾਂਦੇ ਹਨ।
ਜਦੋਂ ਕੋਈ ਨੰਗਾ ਬਦਨ ਪੋਹ ਦੀ ਰਾਤ ਨੂੰ,
ਸਰਦੀ ਵਿੱਚ ਕੰਬ ਉਠਦਾ ਹੈ—-
ਤਾਂ ਉਸ ਨੂੰ ਉੱਥੋਂ ਚੁੱਕਣ ਦੀ ਬਜਾਇ
ਪਿਆ ਰਹਿਣ ਦਿੱਤਾ ਜਾਂਦਾ ਹੈ—
ਕਿ ਅੱਜ ਉਹ ਕੱਪੜਾ ਮੰਗਦਾ ਹੈ,
ਕੱਲ੍ਹ ਨੂੰ ਕੋਈ ਹੋਰ ਇਨਸਾਫ ਮੰਗੇਗਾ।
ਜਦੋਂ ਕੋਈ ਰਹਿਣ ਲਈ

ਕੁੱਲੀ ਦੀ ਗੱਲ ਕਰ ਰਿਹਾ ਹੁੰਦੈ,
ਤਾਂ ਉਸ ਨੂੰ ਥੱਬਾ ਲਾਰਿਆਂ ਦਾ
ਭੇਂਟ ਕੀਤਾ ਜਾਂਦਾ ਹੈ।

'ਇਨਸਾਫ਼ ਦੇ ਦੇਵਤਿਆਂ' ਤੋਂ
ਜਦ ਸੁਕਰਾਤ ਨੇ ਇਨਸਾਫ਼ ਦੀ ਮੰਗ ਕੀਤੀ,
ਤਾਂ ਮਿਲਿਆ ਪਿਆਲਾ ਜ਼ਹਿਰ ਦਾ।
ਪਰ———
ਇਹ ਜ਼ਹਿਰ ਦੇ ਪਿਆਲੇ ਪੀ ਪੀ
ਇਨਸਾਫ਼ ਸਦਾ ਲਈ ਅਮਰ ਹੋ ਗਿਆ।

ਅੱਜ ਵੀ ਜਦ 'ਇਨਸਾਫ਼ ਦੀਆਂ ਅਦਾਲਤਾਂ'
ਇਨਸਾਫ਼ ਮੰਗਦੇ ਲੋਕਾਂ ਨੂੰ ਸੁਕਰਾਤ ਦੀ ਤਰ੍ਹਾਂ
ਦਿੰਦੀਆਂ ਹਨ 'ਫਾਂਸੀ ਦੀਆਂ ਸਜ਼ਾਵਾਂ' ਤੇ
ਸਮਝਦੀਆਂ ਹਨ,
ਕਿ ਇਨਸਾਫ਼ ਮਰ ਗਿਆ ਹੈ।

ਪਰ ਅਣਖੀਲੇ ਖ਼ੂਨ ਦੇ ਕਤਰਿਆਂ ਚੋਂ
ਫਿਰ ਹਜ਼ਾਰਾਂ ਸੁਕਰਾਤ ਹੋ ਜਾਂਦੇ ਨੇ ਪੈਦਾ।
ਜਿਹੜੇ ਉਹੀਓ ਮੰਗ ਕਰਦੇ ਨੇ ਜਿਹੜੀ,
ਕੀਤੀ ਸੀ ਉਹਨਾਂ ਦੇ ਦਾਦੇ ਪੜਦਾਦਿਆਂ ਨੇ।
ਕਿਉਂਕਿ ਇਨਸਾਫ਼ ਦੀ ਕਹਾਣੀ ਅਜੇ ਖ਼ਤਮ
ਨਹੀਂ ਹੋਈ।

ਇਨਸਾਫ!
'ਇਨਸਾਫ ਇਨ੍ਹਾਂ ਅਦਾਲਤਾਂ' ਨੇ ਨਹੀਂ ਕਰਨਾ।
ਇਹ ਤਾਂ——
ਇਤਿਹਾਸ ਨੇ ਕਰਨਾ ਹੈ।
ਲੋਕਾਂ ਨੇ ਕਰਨਾ ਹੈ।



## ਉਹ ਆਜ਼ਾਦ ਹੈ

ਉਹ ਆਜ਼ਾਦ ਹੈ।
ਸੱਸ ਦੇ ਤਾਹਨੇ ਸੁਣਨ ਲਈ
ਪਤੀ ਦੀ ਜੀ ਹਜ਼ੂਰੀ ਲਈ
ਸਭ ਦੀਆਂ ਝਿੜਕਾਂ ਸਹਿਣ ਲਈ
ਪਤੀ ਦੇ ਬੱਚੇ ਜੰਮਣ ਲਈ
ਜੂਠੇ ਬਰਤਨ ਮਾਂਜਣ ਲਈ
ਘਰ ਵਿੱਚ ਬਚਿਆ ਖੁਚਿਆ ਖਾਣ ਲਈ
ਉਹ ਆਜ਼ਾਦ ਹੈ।

ਉਹ ਆਜ਼ਾਦ ਹੈ—
ਚਾਰ ਦਿਵਾਰੀ ਦੀ ਖੁਸ਼ਗਵਾਰੀ ਲਈ
ਘੁਟ ਘੁਟ ਕੇ ਅੱਥਰੂ ਪੀਣ ਲਈ
ਸੱਸ ਦੀ ਇੱਛਾ ਦੀ ਪੂਰਕ ਬਣ ਕੇ
ਮੁੰਡਾ ਲੈਣ ਸਾਧਾਂ ਦੇ ਡੇਰੇ ਜਾਣ ਲਈ
ਸ਼ਰਾਬ 'ਚ ਧੁੱਤ ਵਹਿਸ਼ੀ ਪਤੀ ਦਾ
ਬਿਸਤਰਾ ਨਿੱਘਾ ਕਰਨ ਲਈ
ਘਰ ਦੀ ਸੁੱਖ ਸ਼ਾਂਤੀ ਲਈ
ਮੱਥੇ ਟੇਕਣ, ਟੂਣੇ ਟਾਮਣ ਕਰਨ
ਹਰ ਸੁੱਖ ਮੰਗਣ ਲਈ
ਉਹ ਆਜ਼ਾਦ ਹੈ।

ਉਹ ਆਜ਼ਾਦ ਹੈ—-
ਰੇਤੇ ਦੀਆਂ ਕੰਧਾਂ 'ਤੇ ਉਸਰੇ
ਘਰ ਦੀਆਂ ਕਿਸ਼ਤਾਂ ਖ਼ਾਤਰ
ਸੱਧਰਾਂ ਕਤਲ ਕਰਵਾਉਣ ਦੇ ਲਈ
ਅੱਥਰੇ ਬੱਚਿਆਂ ਦੇ ਰੌਸ਼ਨ ਭਵਿੱਖ ਲਈ
ਉੱਚੇ ਪੀਰਾਂ ਦੇ ਅਰਦਾਸਾਂ ਕਰਨ ਲਈ
ਸਜ ਸੰਵਰ ਕੇ ਰਾਠਾਂ ਅੱਗੇ ਪੇਸ਼ ਹੋ ਕੇ
ਕੁਝ ਨੋਟਾਂ ਦੇ ਬਦਲੇ ਮਜਬੂਰ
ਆਪਣਾ ਜਿਸਮ ਵੇਚਣ ਲਈ
ਉਹ ਆਜ਼ਾਦ ਹੈ।



ਉਹ ਅਜ਼ਾਦ ਹੈ—
ਪੂੰਜੀਪਤੀਆਂ ਦੇ ਬਿਜਨਸਾਂ ਦੇ ਵਾਧੇ ਦੀ
ਮਸ਼ਹੂਰੀ ਦੇ ਵਿਉਪਾਰ ਲਈ
ਦਫ਼ਤਰ ਦੇ ਕਾਊਂਟਰ 'ਤੇ ਬੈਠ ਕੇ
ਗਾਹਕਾਂ ਨੂੰ ਝੂਠੀ ਮੁਸਕਰਾਹਟ ਦੇਣ
ਲਈ
ਜ਼ਿੰਦਗੀ ਦੀ ਚੋਣ ਵਿੱਚ ਲਾੜਿਆਂ ਦੀ
ਪਸੰਦੀ ਅੱਗੇ ਨੁਮਾਇਸ਼ ਬਣਨ ਲਈ
ਉਹ ਆਜ਼ਾਦ ਹੈ।

ਉਹ ਆਜ਼ਾਦ ਹੈ—
ਉਹ ਆਜ਼ਾਦ ਗਊ ਹੈ
'ਸੀਲ ਗਊ' ਕਿੱਲੇ ਨਾਲ ਬੱਝੀ
ਕਿੱਲੇ ਦੁਆਲੇ ਅਣਗਿਣਤ
ਚੱਕਰ ਲਾਉਂਦੀ ਤੇ ਉਸ
ਮੰਝਧਾਰ ਵਿੱਚ ਸਮਾਉਣ ਲਈ
ਉਹ ਨਿਮਾਣੀ ਚਿੜੀ ਵੀ ਹੈ
ਬਾਜ਼ਾਂ ਦੇ ਹੱਥੋਂ ਕੋਹਣ ਲਈ
ਉਹ ਇੱਕ ਬਾਰਬੀ ਡੌਲ਼ ਹੈ
ਮਾਲਕ ਦੀ ਕਠਪੁਤਲੀ ਬਣਨ ਲਈ
ਉਹ ਅਜ਼ਾਦ ਹੈ,
ਫਿਰ ਵੀ ਉਹ ਆਜ਼ਾਦ ਹੈ।

## ਅੱਖੀਂ ਦੇਖ ਕੇ ਮੱਖੀ ਨਿਗਲ਼ਣਾ

ਸੁਣਿਆ ਹੈ-
ਅੱਖੀਂ ਦੇਖ ਕੇ ਮੱਖੀ ਨਹੀਂ ਨਿਗਲ਼ੀ ਜਾਂਦੀ।
ਕੌਣ ਕਹਿੰਦਾ ਹੈ?
ਮੈਂ ਦੇਖੇ ਹਨ ਬਹੁਤ ਜੋ ਦੇਖ ਕੇ ਹੀ
ਮੱਖੀ ਨਿਗਲ਼ਦੇ ਹਨ।
ਇਹ ਜ਼ਹਿਰ ਦਾ ਘੁੱਟ ਹੀ ਤਾਂ ਹੈ
ਜੋ ਪੀਣਾ ਹੈ ਪੈਂਦਾ ਅਣਚਾਹਿਆ ਹੀ।
ਚਾਹੇ ਇਹ ਪੀ ਕੇ ਮਰ ਜਾਂਦੀ ਹੈ-
ਅੰਦਰ ਦੀ ਸ਼ਾਂਤੀ
ਜ਼ਮੀਰ ਦੀ ਚੇਤਨਾ
ਆਤਮਾ ਦੀ ਪਵਿੱਤਰਤਾ
ਦਿਮਾਗ ਦੀ ਸੂਝ
ਸੱਚ ਦੀ ਪਕੜ
ਦਇਆ ਦੀ ਪਹੁੰਚ
ਜੀਭ ਦਾ ਸਵਾਦ



ਇੱਜ਼ਤ ਦਾ ਖੋਖਲਾਪਣ।
ਹੁੰਦਾ ਹੈ ਬੇਵਸ ਤੇ ਮਜਬੂਰ
ਜ਼ਿੰਦਾ ਰਹਿਣ ਲਈ
ਫਿਰ ਦੁਬਾਰਾ ਅਜਿਹੀ ਹੀ ਇੱਕ ਹੋਰ
ਅੱਖੀਂ ਦੇਖੀ ਮੱਖੀ ਨਿਗਲ਼ਣ ਲਈ
ਤੇ ਖਾ ਕੇ ਮਰ ਜਾਣ ਲਈ।
ਕਿਉਂਕਿ ਮੌਸਮਾਂ ਨੇ ਕੀਤਾ ਹੈ ਬੇਵਸ
ਕਦੇ ਕੱਪੜੇ ਲਈ
ਕਦੇ ਜੁੱਤੀ ਲਈ
ਕਦੇ ਕੁੱਲੀ ਲਈ
ਕਦੇ ਗੁੱਲ਼ੀ ਲਈ
ਕਦੇ ਛਾਂ ਲਈ
ਕਦੇ ਧੁੱਪ ਲਈ
ਕਦੇ ਸੋਕੇ ਲਈ
ਕਦੇ ਡੋਬੇ ਲਈ
ਕਦੇ ਤਰਨ ਲਈ
ਕਦੇ ਸਹਿਕਣ ਲਈ
ਇਹ ਮਿੱਠਾ ਜ਼ਹਿਰ ਹੀ ਤਾਂ ਹੈ
ਜੋ ਪੀਂਦਾ ਹੈ ਮਜਬੂਰ ਜੀਣ ਲਈ।

ਚੜ੍ਹਦੇ ਸੂਰਜ ਦੀ ਲਾਲੀ ਦਾ ਨਿੱਘ ਮਾਨਣ ਲਈ
ਟੁੱਟੀ ਆਸ ਦੇ ਤਿਣਕਿਆਂ ਨੂੰ
ਮੁੜ ਕੇ ਆਲ੍ਹਣੇ”ਚ ਜੜਨ ਲਈ
ਸੂਹੀ ਰੌਸ਼ਨੀ ਦੇ
ਇੱਕ ਛਿੱਟ ਚਾਨਣ ਲਈ।
ਅੱਖੀਂ ਦੇਖੀ
ਮੱਖੀ ਤਾਂ ਨਿਗਲ਼ੇਗਾ ਹੀ ਮੰਜ਼ਲ ਨੂੰ ਪਾਣ ਲਈ।

2 ਅਕਤੂਬਰ, 2009.

## ਸ਼ਹੀਦੀ ਦਿਨ 'ਤੇ

ਐ ਵੀਰ ਭਗਤ ਸਿੰਘ
ਅੱਜ ਤੇਰੀ ਸ਼ਹੀਦੀ ਵਰ੍ਹੇ ਗੰਢ 'ਤੇ
ਮਿਲੀਆਂ ਹੋਣਗੀਆਂ ਅਨੇਕਾਂ ਸ਼ਰਧਾਂਜਲੀਆਂ ਤੈਨੂੰ
ਸ਼ਹੀਦੀ ਦਿਵਸ ਦੀ ਆੜ ਥੱਲੇ।
ਵੱਡੇ ਵੱਡੇ ਲੜੀਵਾਰ ਭਾਸ਼ਣ
ਕਿਸੇ ਦਿੱਤੇ ਹੋਣਗੇ
ਸਤਾ ਬਚਾਉਣ ਦੇ ਲਈ,
ਤੇ ਕਿਸੇ ਸਤਾ ਹਥਿਆਉਣ ਦੇ ਲਈ।
ਤੇ ਜਾਂ ਕੀਤੀ ਹੋਵੇਗੀ
ਦੂਸ਼ਣਬਾਜ਼ੀ ਇੱਕ ਦੂਜੇ 'ਤੇ
ਕਿਉਂਕਿ ਉਹ ਨਹੀਂ ਚਾਹੁੰਦੇ
ਗੁਆਉਣਾ ਹੱਥੋਂ ਇਹ ਵੱਡਮੁੱਲਾ ਮੌਕਾ।

ਅੱਜ ਤੇਰੇ ਵਾਂਗ ਬਸੰਤੀ ਪੱਗਾਂ
ਬੰਨ੍ਹ ਕੇ ਅਨੇਕਾਂ ਨੌਜਵਾਨ
ਸੜਕਾਂ ਤੇ ਆਏ ਤਾਂ



ਐ ਲੱਗਿਆ ਕਿ ਅਨੇਕਾਂ
ਭਗਤ ਸਿੰਘ ਹੋ ਗਏ ਨੇ ਪੈਦਾ
ਲਾਉਣਗੇ ਅਸਲੀ ਤੇਰਾ ਇਹ ਨਾਹਰਾ
ਇਨਕਲਾਬ ਜ਼ਿੰਦਾਬਾਦ ਦਾ
ਤੇ ਦੇਖਾਂਗੇ ਤੇਰੇ ਸੁਪਨਿਆਂ ਦਾ ਸੱਚ।

ਪਰ————————
ਕਾਸ਼!
ਇਹ ਇੱਕ ਦਿਨ ਦਾ ਵਬਾਲ ਨਾ ਹੋਵੇ
ਸਗੋਂ ਹੋਵੇ ਚੇਤਨਾ ਦਾ ਪ੍ਰਤੀਕ।
ਮੈਂ ਵੀ ਅੱਜ ਅਰਪਣ
ਕਰਦੀ ਹਾਂ ਸ਼ਰਧਾ ਦੇ ਫੁੱਲ
ਦਿਲ ਦੀਆਂ ਗਹਿਰਾਈਆਂ ਚੋਂ
ਸੋਚਦੀ ਹਾਂ ਤੇਰੇ ਅਧੂਰੇ
ਸੁਫਨਿਆਂ ਬਾਰੇ।
ਤੇਰਾ ਸੁਫਨਾ ਸੀ ਅਜ਼ਾਦੀ ਦਾ
ਤੇਰੀ ਅਜ਼ਾਦੀ ਤਾਂ ਵੀਰਿਆ
ਬਣ ਗਈ ਹੈ
ਬਾਂਦਰਾਂ ਵਿਚਾਲੇ ਗੁੜ ਦੀ ਭੇਲੀ।
ਜਿਸ ਨੂੰ ਦਬੋਚਣ ਲਈ ਵਰਤੇ ਜਾਂਦੇ
ਹਨ ਅਨੇਕਾਂ ਹੱਥਕੰਡੇ।
ਤੇਰੇ ਲੋਕਾਂ ਤੱਕ ਤਾਂ
ਐਨੇ ਸਾਲਾਂ ਬਾਅਦ
ਪਹੁੰਚੀ ਨਹੀਂ ਅਜੇ ਭਿਣਕ ਵੀ।

ਤੇਰਾ ਸੁਫਨਾ ਸੀ ਸਮਾਨਤਾ ਦਾ
ਮਨੁੱਖਤਾ ਦੇ ਪਾੜੇ ਮੇਟਣ ਦਾ।
ਵੀਰਿਆ ਇਹ ਪਾੜੇ ਤਾਂ

ਅੱਜ ਬਣ ਗਏ ਨੇ ਖਾਰਾਂ
ਜਿਨ੍ਹਾਂ ਵਿੱਚ ਤੇਰੇ ਲੋਕਾਂ ਦੀਆਂ
ਰੁੜ੍ਹ ਗਈਆਂ ਨੇ ਸੱਧਰਾਂ।
ਕਰ ਰਹੇ ਨੇ ਖੁਦਕਸ਼ੀਆਂ
ਕਰਜ਼ੇ ਦੇ ਸਤਾਏ ਕਿਸਾਨ,
ਮਰਦੀਆਂ ਫਿਰਦੀਆਂ ਨੇ ਜਵਾਨੀਆਂ
ਨਸ਼ਿਆਂ ਦੇ ਘੋਰ ਸੰਤਾਪ ਹੇਠ
ਮਾਰਦੇ ਨੇ ਲੋਕ ਧੀ ਨੂੰ ਕੁੱਖ ਵਿੱਚ ਹੀ
ਤਾਂ ਕਿ
ਉਹ ਦਾਜ ਦੀ ਬਲੀ ਤੋਂ ਬਚ ਸਕੇ।
ਰੁਲ ਗਏ ਨੇ ਬਚਪਨ, ਜਵਾਨੀਆਂ ਤੇ ਬੁਢਾਪੇ
ਬਸ ਜੀਅ ਰਹੇ ਨੇ
ਸੁਫਨਿਆਂ ਨੂੰ ਗੰਢ ਦੇ ਕੇ।

ਵੀਰਿਆ ਗੱਲ ਕੀਤੀ ਸੀ ਤੂੰ
ਮਨੁੱਖ ਹੱਥੋਂ ਮਨੁੱਖ ਦੀ ਲੁੱਟ-ਖਸੁੱਟ ਦੀ।

ਉਹ ਤਾਂ ਉਵੇਂ ਈ ਚੱਲਦੈ ਪਰ
ਸਰਮਾਏਦਾਰ ਨੇ ਆਪਣੇ ਹਥਿਆਰਾਂ ਨੂੰ
ਸਾਣ ਤੇ ਲਾ ਕੇ ਥੋੜ੍ਹੇ ਹੋਰ ਤਿੱਖੇ ਕਰ ਲਿਆ ਏ।
ਸੋਚ ਲਏ ਨੇ ਨਵੇਂ ਨਵੇਂ ਢੰਗ ਤਰੀਕੇ,
ਕਿ ਲੋਕਾਂ ਦੀ ਸੋਚ ਨੂੰ ਕਿਵੇਂ
ਸੁਲਾਇਆ ਜਾ ਸਕਦੈ।

ਵੀਰਿਆ ਤੇਰਾ ਇੱਕ ਹੋਰ ਸੁਫਨਾ ਸੀ
ਉਜਾਲੇ ਦਾ, ਅੰਧਵਿਸ਼ਵਾਸ ਤੇ
ਨਾਸਤਿਕਤਾ ਦਾ।
ਤੂੰ ਤਾਂ ਬੜੀ ਕੋਸ਼ਿਸ ਕੀਤੀ ਦੂਰ ਕਰਨ ਦੀ



ਅੰਧਵਿਸ਼ਵਾਸ।
ਪਰ ਇਹ ਘਰ ਘਰ ਹੋ ਗਿਆ ਹੈ ਪੈਦਾ।
ਕਿਉਂਕਿ ਜੀਣਾ ਮੁਹਾਲ ਹੋ ਗਈ ਹੈ ਜ਼ਿੰਦਗੀ

ਦੁੱਖਾਂ ਦੇ ਮਾਰੇ, ਭੁੱਖ ਦੇ ਸਤਾਏ
ਰਿਸਦੇ ਜਖ਼ਮਾਂ ਦੀ ਮਲ੍ਹਮ ਲਈ
ਫਿਰਦੇ ਨੇ ਭਟਕਦੇ
ਫਿਰ ਪੈ ਜਾਂਦੇ ਨੇ ਇਨ੍ਹਾਂ
ਕਰਾਮਾਤੀ ਪਖੰਡੀਆਂ ਦੇ ਵਸ
ਗੁਆ ਲੈਂਦੇ ਨੇ ਧੰਨ, ਦੌਲਤ
ਤੇ ਆਪਣੀ ਜ਼ਮੀਰ ਤੱਕ।
ਚੱਲਦਾ ਈ ਰਹਿੰਦੈ ਇਹ ਸਿਲਸਿਲਾ।

ਵੀਰਿਆ ਲੋੜ ਉਦੋਂ ਹੀ ਨਹੀਂ ਸੀ
ਤੇਰੇ ਲਏ ਇਨ੍ਹਾਂ ਸੁਫਨਿਆਂ ਦੀ
ਇਨ੍ਹਾਂ ਦੀ ਲੋੜ ਤਾਂ ਹੋਰ
ਵੀ ਵੱਧ ਗਈ ਹੈ ਅੱਜ
ਤੇਰੀ ਅੱਜ ਸ਼ਹੀਦੀ ਵਰ੍ਹੇ ਗੰਢ 'ਤੇ
ਤੇਰੇ ਸੁਫਨੇ ਸਾਕਾਰ ਕਰਨ ਦੀ।

ਤੇ ਸੋਚਣ ਦੀ------
ਮਨੁੱਖ ਹੱਥੋਂ ਮਨੁੱਖ ਦੀ ਲੁੱਟ ਖਸੁੱਟ ਬਾਰੇ
ਸਮਾਜ ਦੀ ਇਕਸਾਰਤਾ, ਸਮਾਨਤਾ ਬਾਰੇ
ਅਮੀਰੀ ਤੇ ਗਰੀਬੀ ਦੇ ਪਾੜੇ ਬਾਰੇ
ਮਨੁੱਖ ਦੀ ਅਜ਼ਾਦੀ ਬਾਰੇ
ਮਨੁੱਖ ਦੇ ਵਿਕਾਸ ਤੇ ਖੁਸ਼ਹਾਲੀ ਬਾਰੇ
ਇਨਕਲਾਬ ਬਾਰੇ
ਤੁਹਾਡੀਆਂ ਦਿੱਤੀਆਂ ਕੁਰਬਾਨੀਆਂ ਬਾਰੇ।

## ਅੰਧ ਵਿਸ਼ਵਾਸ

ਜੋਤਿਸ਼ੀ ਦੇ ਕਹਿਣ ਮੁਤਾਬਕ
ਤੁਹਾਡੇ 'ਤੇ ਹੋਈ ਕਰੋਪੀ
ਸਾੜ੍ਹਸਤੀ ਦਾ ਕਾਰਨ।
ਰਾਹੂ ਤੇ ਕੇਤੂ ਦਾ
ਤੁਹਾਡੇ ਰਾਹ'ਚ ਅੜ ਕੇ ਖਲੋਣਾ
ਬਾਬੇ ਦੇ ਕਹਿਣ ਮੁਤਾਬਕ
ਜੀਤੇ ਦਾ ਮੀਤੇ'ਚ
ਮਿੰਦੋ ਦਾ ਗਿੰਦੋ ਵਿੱਚ ਆਉਣਾ
ਕੋਈ ਭੂਤਾਂ ਪਰੇਤਾਂ ਦਾ ਚੱਕਰ ਨਹੀਂ



ਸਗੋਂ ਤੁਹਾਡੀ ਰੋਗੀ ਦੇਹ ਦੇ
ਇਲਾਜ ਦੀ ਘਾਟ ਹੈ।

ਉਹ ਮੇਰੇ ਭੋਲਿਓ ਲੋਕੋ!
ਇਨ੍ਹਾਂ ਦੇ ਤੱਤੇ ਚਿਮਟੇ
ਸੁਆਹ ਦੀਆਂ ਚੁਟਕੀਆਂ
ਨੇ ਹੱਲ ਨਹੀਂ ਕਰਨਾ
ਤੁਹਾਡੀਆਂ ਸਮੱਸਿਆਵਾਂ ਦਾ।

ਇਹ ਤਾਂ ਸ਼ਰਾਰਤ ਹੈ ਕੁੱਝ
ਦੰਭੀ ਤੇ ਪਖੰਡੀ ਲੋਕਾਂ ਦੀ
ਜੋ ਕਰਦੇ ਨੇ ਤੁਹਾਡੇ ਦੁੱਖਾਂ
ਨਾਲ ਅਠਖੇਲੀਆਂ
ਲੈ ਜਾਂਦੇ ਨੇ
ਥੋਨੂੰ ਮੌਤ ਦੇ ਮੂੰਹ ਤੱਕ।

ਮੇਰਿਓ ਲੋਕੋ,
ਤੁਹਾਡੇ ਹੱਥ ਤੇ ਮੱਥੇ ਦੀਆਂ ਲਕੀਰਾਂ
ਤੁਹਾਡੀਆਂ ਉੱਜੜੀਆਂ ਤਕਦੀਰਾਂ
ਤੁਹਾਡੇ ਪਿੱਤਰਾਂ ਦੀਆਂ ਵੰਗਾਰਾਂ
ਤੁਹਾਡੇ ਕਰਮਾਂ ਦੀਆਂ ਮਾਰਾਂ
ਦਾ ਲੇਖਾ ਕਿਸੇ ਧਰਮਰਾਜ ਦੀ
ਵਹੀ ਵਿੱਚ ਨਹੀਂ।
ਸਗੋਂ ਉਹ ਤਾਂ ਹੈ ਇਸ ਦੰਭੀ
ਸਿਆਸਤ ਦੇ ਰਜਿਸਟਰਾਂ ਵਿੱਚ
ਜਿੱਥੋਂ ਹੁੰਦੇ ਨੇ ਤੁਹਾਡੀਆਂ
ਤਕਦੀਰਾਂ ਦੇ ਫ਼ੈਸਲੇ।

ਚੁਰੱਸਤਿਆਂ 'ਤੇ ਕੀਤੇ ਟੂਣੇ-ਮਾਣਿਆ
ਫਰੇਜ਼ਰ ਰਿਵਰ'ਚ ਸਿੱਟੇ
ਚਾਂਦੀ ਦੇ ਸਿੱਕਿਆਂ ਨਾਲ
ਵੀਰੋ ਦੇ ਘਰ ਵਾਲੇ ਨੇ ਕਨੇਡਾ ਨਹੀਂ ਆਉਣਾ
ਸਗੋਂ ਕਾਰਨ ਹੈ ਇੰਮੀਗਰੇਸ਼ਨ ਦੇ
ਪੇਪਰਾਂ ਵਿੱਚ ਤਰੁੱਟੀਆਂ ਦੀ।

ਤੁਹਾਡੇ ਘਰ ਕੁੜੀ ਜਾਂ ਮੁੰਡੇ ਦਾ
ਹੋਣਾ ਜਾਂ ਨਾ ਹੋਣਾ
ਰਾਹੂ-ਕੇਤੂਆਂ ਦੀ ਆਮਦ ਨਹੀਂ
ਸਗੋਂ ਕਾਰਣ ਹੈ ਮੌਕਾ-ਮੇਲ ਜਾਂ
ਤੁਹਾਡੀ ਸਰੀਰਕ ਕਮਜ਼ੋਰੀ ਦਾ।

ਰਾਹੂ-ਕੇਤੂ, ਸਾੜ੍ਹਸਤੀ
ਕਿਸਮਤ ਜਾਂ ਧਰਮਰਾਜ
ਲੁੱਟ ਦਾ ਸਾਧਨ ਨੇ
ਇਨ੍ਹਾਂ ਪਖੰਡੀ ਲੋਕਾਂ ਲਈ।
ਜੋ ਦਿਨ ਦਿਹਾੜੇ ਤੁਹਾਡੇ ਭੋਲੇਪਣ ਨੂੰ
ਸ਼ਬਦਾਂ ਦੇ ਵਿੱਚ ਵਰਗਲਾ ਕੇ
ਬਲੀ ਦਿੰਦੇ ਨੇ ਤੁਹਾਡੇ ਕਰਮਾਂ ਦੀ
ਬਣਾਉਂਦੇ ਨੇ ਤੁਹਾਨੂੰ
ਲੁੱਟ ਦਾ ਸਾਧਨ ਆਪਣੇ ਲਈ,
ਕਰਦੇ ਨੇ ਸਾਜ਼ਿਸ਼ਾਂ ਤੁਹਾਡੇ ਅਣਭੋਲ
ਸੱਚੇ-ਸੁੱਚੇ ਮਨਾਂ ਨਾਲ।

ਕਰਦੀਆਂ ਨੇ ਸਰਕਾਰਾਂ ਹਮੇਸ਼ਾਂ
ਪੈਰਵੀ ਇਨ੍ਹਾਂ ਦੀ
ਤਾਂ ਜੋ ਲੋਕ ਉਲਝੇ ਰਹਿਣ ਟੂਣੇ-ਟਾਮਣਾ ਤੇ



ਕਿਸਮਤ ਦੇ ਚੱਕਰਾਂ ਵਿੱਚ
ਕਦੇ ਵੀ ਸਮਝ ਨਾ ਸਕਣ
ਇਨ੍ਹਾਂ ਦੀਆਂ ਲੂੰਬੜਚਾਲਾਂ ਨੂੰ।

ਅਖ਼ਬਾਰਾਂ ਜਾਂ ਟੀ.ਵੀਆਂ ਵਿੱਚ
ਦੇਵੀਆਂ ਦੇਵਤਿਆਂ ਮੂਹਰੇ
ਮੱਥੇ ਰਗੜ ਕੇ ਫ਼ਲ ਪ੍ਰਾਪਤ ਕਰਨਾ
ਮੰਗਲੀਕ ਹੋਣ ਦਾ ਢੰਡੋਰਾ ਪਿੱਟਣਾ
ਇਹ ਤਾਂ ਚਾਰ-ਚੰਨ ਲਾਉਣਾ ਹੈ
ਸਿਰਫ਼ ਤੇ ਸਿਰਫ਼
ਉਨ੍ਹਾਂ ਦੀ ਆਪਣੀ ਸ਼ੁਹਰਤ ਨੂੰ।
ਸੋਚੋ! ਸਾਡੀ ਤਾਂ ਨਿੱਜੀ ਜ਼ਿੰਦਗੀ
ਨਾਲੋਂ ਕਰੋੜਾਂ ਦੂਰ ਪਰ੍ਹੇ ਦੀਆਂ
ਗੱਲਾਂ ਨੇ ਇਹ।

ਮੇਰੇ ਲੋਕੋ,
ਮੈਂ ਦੱਸਾਂਗੀ ਤੁਹਾਨੂੰ ਤੁਹਾਡੇ
ਨਛੱਤਰ ਚਮਕਣਗੇ ਕਿਸ ਤਰ੍ਹਾਂ।
ਜਿਸ ਦਿਨ ਤੁਸੀਂ ਸੋਚਣ ਲੱਗੋਂਗੇਂ————
ਹਰੇਕ ਰਹੱਸ ਦੀਆਂ ਪਰਤਾਂ ਬਾਰੇ,
ਗਿਆਨ ਵਿਗਿਆਨ ਨੂੰ ਪੜ੍ਹਨ ਬਾਰੇ
ਸਿਹਤ ਸੇਵਾਵਾਂ ਦੀਆਂ ਪਾਲਸੀਆਂ ਬਾਰੇ
ਲੁਟੇਰੇ ਲੋਕਾਂ ਦੀ ਲੁੱਟ ਬਾਰੇ
ਸਰਕਾਰਾਂ ਦੀਆਂ ਡੂੰਘੀਆਂ ਸਾਜਿਸ਼ਾਂ ਬਾਰੇ
ਸਾਡੇ ਕਰਮਾਂ ਤੇ ਕਿਸਮਤ ਦੇ ਰਹੱਸਾਂ ਬਾਰੇ
ਤੇ ਪਰਖੋਗੇ ਹਰੇਕ ਗੱਲ ਨੂੰ
ਕੀ, ਕਿਉਂ, ਕਿਵੇਂ, ਕਦੋਂ ਤੇ ਕੌਣ ਦੀ ਕਸਵੱਟੀ ਤੇ।

## ਵਿਅਕਤੀਤਵ

ਮੈਂ ਤੱਕਦੀ ਹਾਂ
ਇੱਕ ਅੱਲੜ੍ਹ ਜਿਹੀ ਮੁਟਿਆਰ
ਸੋਹਣੀ ਸੁਨੱਖੀ
ਲੰਮ ਸਲੰਮੀ
ਹਮੇਸ਼ਾਂ ਕਾਹਲ ਵਿੱਚ
ਭੱਜ ਕੇ ਬੱਸ ਫ਼ੜਦੀ ਹੈ
ਪਹੁੰਚਦੀ ਹੈ ਦਫ਼ਤਰ
ਭੁੱਲ ਜਾਂਦੀ ਹੈ ਆਪਣਾ
ਵਿਅਕਤੀਤਵ
ਘੰਟਿਆਂ ਤੇ ਡਾਲਰਾਂ ਦੀ ਦੌੜ ਵਿੱਚ।

ਕਾਫ਼ੀ ਚਿਰ ਬਾਅਦ
ਫ਼ਿਰ ਇੱਕ ਦਿਨ



ਮੈਂ ਉਸ ਨੂੰ ਤੱਕਿਆ
ਉਹ ਪੈਂਨਸਿਲ ਹੀਲ ਪਾ ਕੇ
ਵਾਲ ਕੱਟਵਾ ਕੇ
ਮੂੰਹ ਤੇ ਤਰ੍ਹਾਂ ਤਰ੍ਹਾਂ ਦੀ
ਮੇਕ ਅੱਪ ਲਾ ਕੇ
ਵੰਨ ਸਵੰਨੇ ਕੱਪੜੇ ਪਾ ਕੇ
ਮਦਹੋਸ਼ ਮਦਮਸਤ
ਮਹਿੰਗੀ ਕਾਰ'ਚ ਬੈਠਦੀ ਹੈ
ਮਲ਼ਕ ਦੇਣੇ ਕੋਲੋਂ ਦੀ ਗੁਜ਼ਰ ਜਾਂਦੀ ਹੈ।
ਉਹ ਭੁੱਲ ਚੁੱਕੀ ਹੈ
ਆਪਣੇ ਕੁਦਰਤੀ ਸੁਹੱਪਣ ਨੂੰ
ਉਹ ਅਣਜਾਣ ਅਣਭੋਲ
ਗੁੰਮ ਹੋ ਚੁੱਕੀ ਹੈ
ਇਸ ਚਕਾਚੌਂਧ ਵਿੱਚ
ਜਿਸਨੇ ਇਸ ਨੂੰ ਚੁੰਧਿਆਇਆ ਹੀ ਨਹੀਂ
ਸਗੋਂ ਬਣਾ ਦਿੱਤਾ ਹੈ
ਹਰਕਤਹੀਣ,
ਸੋਚਹੀਣ ਤੇ ਨੇਤਰਹੀਣ

ਉਹ ਇਸ ਚਕਾਚੌਂਧ ਵਿੱਚ ਗੁਆਚੀ
ਭੁੱਲ ਜਾਂਦੀ ਹੈ ਕਿ
ਪੈਂਨਸਿਲ ਹੀਲ ਉਹ ਬੇੜੀ ਹੈ
ਜੋ ਉਸਨੂੰ ਉੱਚੀਆਂ ਪੁਲਾਘਾਂ ਪੁੱਟਣ
ਤੇ ਮੰਜ਼ਲਾਂ ਪਾਉਣ ਤੋਂ ਵਰਜਦੀ ਹੈ
ਤਰ੍ਹਾਂ ਤਰ੍ਹਾਂ ਦੀ ਮੇਕ ਅੱਪ
ਉਸਦੇ ਸੁਹੱਪਣ ਵਿੱਚ ਇਜ਼ਾਫ਼ਾ ਨਹੀਂ
ਇਹ ਤਾਂ ਰਸਾਇਣਾਂ ਦਾ ਪੁਲਿੰਦਾ ਹੈ
ਜੋ ਕਰਦਾ ਹੈ ਪ੍ਰਦੂਸ਼ਤ

ਉਸਦੇ ਮੂੰਹ ਤੇ ਵਾਤਾਵਰਣ ਨੂੰ
ਜੋ ਦੁਸ਼ਮਣ ਹੈ ਸ਼ੁੱਧਤਾ ਦਾ।
ਉਹ ਸੋਚਦੀ ਹੈ
ਇਹ ਸਾਰਾ ਕੁਝ ਉਸ ਲਈ ਬਣਿਆ ਹੈ
ਉਹ ਸੋਹਣੀ ਬਣ ਸਕੇ
ਸੱਜ ਫੱਬ ਸਕੇ
ਸਭ ਉਸਨੂੰ ਸੋਹਣੀ ਕਹਿਣ
ਦੁਨੀਆਂ ਦੀ ਨੰਬਰਵੰਨ

ਹੁਣ ਉਹ ਸੋਚੋਂ ਹੀਣੀ ਨਹੀਂ ਸੋਚਦੀ
ਉਹ ਸਾਰਾ ਦਿਨ ਮਰ ਮਰ ਕੇ
ਫਾਇਲਾਂ ਵਿੱਚ ਸਿਰ ਦੇ ਕੇ
ਬੌਸ ਦੀਆਂ ਝਿੜਕਾਂ ਖਾ ਕੇ
ਕਿਵੇਂ ਭੁਗਤਦੀ ਹੈ ਪੂੰਜੀਵਾਦ ਦੇ ਹੱਕ ਵਿੱਚ
ਖ਼੍ਰੀਦ ਕੇ ਇਹ ਬੇਲੋੜੀਆਂ ਚੀਜ਼ਾਂ
ਵਾਧਾ ਕਰਦੀ ਹੈ
ਮਿੱਲ ਮਾਲਕਾਂ ਦੀ ਪੂੰਜੀ ਵਿੱਚ

ਇਨ੍ਹਾਂ 'ਚ ਉਲਝੀ
ਗੁਆ ਬੈਠਦੀ ਹੈ
ਆਪਣਾ ਵਿਅਕਤੀਤਵ
ਜੋ ਵਿਸ਼ਾਲ ਹੈ ਬ੍ਰਹਿਮੰਡ ਦੀ ਤਰ੍ਹਾਂ
ਜੋ ਡੂੰਘਾ ਹੈ ਸਮੁੰਦਰ ਦੀ ਤਰ੍ਹਾਂ
ਜੋ ਸਵੱਛ ਹੈ ਜਲ ਦੀ ਤਰ੍ਹਾਂ
ਜੋ ਸੋਹਣਾ ਹੈ ਫੁੱਲ ਦੀ ਤਰ੍ਹਾਂ
ਉਹ ਅਣਭੋਲ ਅਣਜਾਣ
ਬੇਸਮਝ ਕੋਰੀ ਮੁਟਿਆਰ।



## ਸਾਹਿਤਕਾਰ-1

ਸਾਹਿਤ ਰਚਣਹਾਰਿਓ
ਬੁਣੋ ਨਾ ਸ਼ਬਦਾਂ ਦਾ ਜਾਲ਼
ਹੋ ਨਾ ਜਾਏ ਆਪਣੀ
ਭਾਸ਼ਾ ਹੀ
ਆਪਣੇ ਲਈ ਜ਼ੰਜਾਲ਼
ਕਰੋ ਸਪੱਸ਼ਟ ਸ਼ਬਦਾਂ 'ਚ
ਹਰ ਗੱਲ
ਜੋ ਸਾਡੇ ਵਿੱਚ ਰਹੀ ਹੈ ਵਿਚਰ।

ਸ਼ਬਦਾਂ ਤੇ
ਅੱਖਰਾਂ ਨੂੰ ਉਲਝਾ ਕੇ
ਕਰੋ ਨਾ ਵਰਕੇ ਕਾਲ਼ੇ
ਲੋਕ ਚਾਹੁੰਦੇ ਨੇ
ਸਿਰਫ਼ ਗੱਲ
ਉਨ੍ਹਾਂ ਦੇ ਹਿਤਾਂ ਦੀ,
ਦੁੱਖਾਂ-ਸੁੱਖਾਂ ਦੀ,
ਕਿਰਤ-ਲੁੱਟ ਦੀ,
ਹਨੇਰੇ-ਚਾਨਣ ਦੀ
ਜੋ ਉਨ੍ਹਾਂ ਦੇ ਹਿਰਦੇ ਨੂੰ
ਸਕੂਨ ਦੇ ਸਕੇ।

ਚੁੱਕ ਕੇ ਦੁੱਖਾਂ ਦੀ ਪੰਡ
ਕਿੱਥੋਂ ਲੱਭਦੇ ਫਿਰਨਗੇ
ਸ਼ਬਦ-ਕੋਸ਼
ਤੁਹਾਡੇ ਲਫ਼ਜ਼ਾਂ ਦੇ
ਅਰਥ ਸਮੇਟਣ ਲਈ।

## ਧਰਮ ਦੇ ਅਰਥ

ਮੰਦਰਾਂ 'ਚ ਸੰਖ ਵਜਾਉਣਾ
ਪੱਥਰਾਂ ਦੀ ਪੂਜਾ ਕਰਨੀ
ਵੁਜ਼ੂ ਕਰਨਾ
ਪੰਜ ਵੇਲੇ ਨਮਾਜ਼ ਪੜ੍ਹਨੀ
ਟੱਲ ਖੜ੍ਹਕਾਉਣੇ
ਤਿੰਨ ਵੇਲੇ ਭੋਗ ਲਵਾਉਣਾ
ਧਾਰਮਿਕ ਗਰੰਥਾਂ ਨੂੰ
ਗਰਮੀ ਸਰਦੀ ਤੋਂ ਬਚਾਉਣਾ
ਆਥਣ ਸਵੇਰ ਰੱਟੇ ਦਾ ਪਾਠ ਕਰਨਾ
ਨਗਰ ਕੀਰਤਨਾਂ ਤੇ ਚਾਹ ਪਾਣੀ
ਸਮੋਸਿਆਂ, ਪੀਜ਼ਿਆਂ ਦੇ ਸਟਾਲ ਲਾਉਣੇ
ਕੁਝ ਲੋਕਾਂ ਲਈ ਧਰਮ ਹੋ ਸਕਦਾ ਹੈ।
ਪਰ ਮੇਰੇ ਲਈ
ਇਸ ਦੇ ਅਰਥ ਹਨ ਕੁਝ ਹੋਰ
ਮੇਰੇ ਲਈ ਧਰਮ



ਉਹ ਸੱਚੀ ਸੁੱਚੀ ਕਿਰਤ ਹੈ।
ਜਿਸ 'ਤੇ ਮੈਨੂੰ ਗਰਵ ਹੈ
ਧੌਣ ਉੱਚੀ ਕਰਕੇ ਜੀਣ ਦਾ।
ਪੇਸ਼ਾਵਰ ਪਾਠੀ ਲਈ ਧਰਮ ਦੇ ਅਰਥ
ਉਸਨੂੰ ਮਿਲਦੀ ਤਨਖਾਹ ਹੈ
ਜਿਸ ਨਾਲ ਉਹ ਪਾਲਦਾ ਹੈ ਆਪਣਾ ਟੱਬਰ।
ਅਖੌਤੀ ਬਾਬਿਆਂ ਤੇ ਜੋਤਸ਼ੀਆਂ ਦਾ ਧਰਮ
ਭੋਲੇ ਲੋਕਾਂ ਦੀ ਲੁੱਟ ਖਸੁੱਟ ਹੈ
ਜਿਸ ਨੂੰ ਵਰਤਕੇ ਉਹ ਕਰਦੇ ਹਨ ਪੂਰੀ ਐਸ਼ੋ-ਇਸ਼ਰਤ।
ਫੁੱਟ-ਪਾਥ ਦੇ ਵਾਸੀਆਂ ਲਈ ਧਰਮ
ਇੱਕ ਲੰਗਰ ਸਥਾਨ ਹੈ
ਜਿੱਥੇ ਜਾ ਕੇ ਝੁਲਕਾ ਦੇ ਸਕਦੇ ਹਨ ਭੁੱਖੇ ਢਿੱਡ ਨੂੰ।
ਨਿੱਕੇ ਬੱਚਿਆਂ ਲਈ ਧਰਮ ਦੇ ਅਰਥ
ਦੇਗ ਜਾਂ ਫੁੱਲੀਆਂ ਲੈ ਕੇ
ਕੈਂਡੀ ਵਰਗਾ ਚੱਪ ਚੱਪ ਕਰਕੇ
ਸਵਾਦ ਚੱਖਣਾ ਹੈ।
ਦੇਸ਼ ਦੀ ਵੰਡ ਸਮੇਂ
ਦੋਹੀਂ ਪਾਸੀਂ ਲੋਕਾਂ ਲਈ ਧਰਮ
ਦੱਸ ਲੱਖ ਬੇਗੁਨਾਹਾਂ ਦੀ ਬਲੀ ਸੀ।
ਅੰਗਰੇਜ਼ਾਂ ਲਈ ਧਰਮ ਦੇ ਅਰਥ
ਪਾੜੋ ਤੇ ਰਾਜ ਕਰੋ ਦੀ
ਫੁੱਟ ਪਾਊ ਨੀਤੀ ਸੀ।
ਦਿੱਲੀ ਦੇ ਦੰਗਿਆਂ ਵੇਲੇ
ਰਾਮ ਸਿੰਘ ਲਈ ਧਰਮ
ਉਸਦੇ ਗਲ਼ ਵਿੱਚ ਮੱਚਦਾ ਟਾਇਰ ਸੀ।
ਹਿੰਦੂਆਂ ਲਈ ਧਰਮ
ਬੱਸ ਦੇ ਰੁਕਣ ਤੇ ਲਾਈਨ 'ਚ ਲੱਗ ਕੇ
ਇੱਕਠਿਆਂ ਕਤਲ ਹੋਣਾ ਸੀ।

ਸੜਕ 'ਤੇ ਖੜ੍ਹੀ ਕੁੜੀ ਦਾ ਧਰਮ
ਉਹਦਾ ਗਾਹਕ ਹੈ
ਇੱਜ਼ਤ ਦਾ ਇਵਜ਼ ਦੇ ਕੇ
ਪੂਰਤੀ ਕਰਦਾ ਹੈ ਉਸ ਦੀਆਂ ਲੋੜਾਂ ਦੀ।
ਸਰਦਾਰ ਸੁੰਦਰ ਸਿੰਘ ਲਈ ਧਰਮ ਦੇ ਅਰਥ
ਪੋਤੇ ਦੇ ਜਨਮ ਦਿਨ 'ਤੇ
ਸੱਦੇ ਲੋਕਾਂ ਨੂੰ ਦਿਖਾਵਾ ਕਰਨਾ ਹੈ।
ਲੀਡਰਾਂ ਲਈ ਧਰਮ ਦੇ ਅਰਥ
ਸਟੇਜਾਂ ਤੇ ਚੜ੍ਹ ਕੇ ਕਰਨੇ
ਲੋਕਾਂ ਨਾਲ ਝੂਠੇ ਵਾਅਦੇ ਹਨ।
ਗੋਰੇ ਲੀਡਰਾਂ ਦਾ ਧਰਮ
ਸਿਰ ਤੇ ਰੁਮਾਲ ਬੰਨ੍ਹ
ਟੁੱਟੀ ਫੁੱਟੀ ਭਾਸ਼ਾ'ਚ ਜੈਕਾਰਾ ਲਾਉਣਾ
ਸਿਰਫ ਤੇ ਸਿਰਫ ਵੋਟਾਂ ਹੱਥ ਹੇਠ ਕਰਨਾ ਹੈ।
ਚੌਧਰ ਦੇ ਭੁੱਖਿਆਂ ਲਈ ਧਰਮ
ਸਿਰਫ ਮੇਜ਼ਾਂ, ਕੁਰਸੀਆਂ ਤੇ
ਤੱਪੜਾਂ ਦਾ ਮਸਲਾ ਹੈ।
ਧਰਮ ਦੇ ਠੇਕੇਦਾਰਾਂ ਲਈ ਧਰਮ ਦੇ ਅਰਥ
ਗੋਲਕ ਦੀ ਵੰਡ ਕੇ ਆਈ ਰਾਸ਼ੀ ਹੈ।
ਧਰਮ ਦੇ ਪੁਜਾਰੀਓ—
ਤੁਹਾਡੇ ਲਈ ਧਰਮ ਵਿਉਪਾਰ ਹੈ।
ਆਮ ਲੋਕਾਂ ਲਈ ਇਹ ਡਰ ਹੈ, ਖੌਫ਼ ਹੈ।
ਕਿ ਪਤਾ ਨਹੀਂ ਕਦੋਂ ਤੇ ਕਿੱਥੇ?
ਇਹ ਆਪਸ ਵਿੱਚ ਲੜਨਗੇ, ਭਿੜਨਗੇ
ਤਾਂ ਆਮ ਲੋਕ ਮਰਨਗੇ।
ਤੇ ਉਲਝ ਜਾਣਗੇ
ਧਰਮ ਦੇ ਅਰਥਾਂ ਵਿੱਚ।

13 ਦਸੰਬਰ, 2009.



## ਉਦੋਂ ਤੇ ਹੁਣ
(ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਸਮਰਪਿਤ)

ਉਦੋਂ ਵੀ ਉਹ ਮੇਰਾ ਬਾਬਾ ਸੀ।
ਹੁਣ ਵੀ ਉਹ ਮੇਰਾ ਬਾਬਾ ਹੈ।
ਉਦੋਂ ਜਦੋਂ ਮੈਂ ਨਿੱਕੀ ਹੁੰਦੀ ਸੀ,
ਤਾਂ ਦਾਦੀ ਮਾਂ ਜਾਂ ਗੁਰਦੁਵਾਰੇ ਦੇ ਭਾਈ ਜੀ ਤੋਂ
ਗੁਰਪੁਰਬ ਤੇ 'ਮੱਕਾ ਫੇਰਨ' 'ਜਨੇਊ ਪਹਿਨਣ' ਤੇ
'ਮੱਝਾਂ ਚਾਰਨ' ਦੀ ਸਾਖੀ ਸੁਣ ਕੇ
'ਬਾਬਾ' ਮੈਨੂੰ ਭਾਰਤ ਦੇ ਤੇਤੀ ਕਰੋੜ
ਦੇਵਤਿਆਂ ਵਰਗਾ
ਦੇਵਤਾ ਲੱਗਦਾ ਸੀ।
ਜਦੋਂ ਮੈਂ ਬਾਬੇ ਨੂੰ ਪੜ੍ਹਿਆ ਹੈ
ਹੁਣ ਉਹ ਮੈਨੂੰ ਦੇਵਤਾ ਨਹੀਂ ਲੱਗਦਾ।

ਬਾਬਾ ਮੈਨੂੰ ਇੱਕ ਲੋਕ ਕਵੀ ਲੱਗਦੈ।
ਜੀਹਦੀ ਕਵਿਤਾ ਵਿੱਚ ਕਲਪਣਾ,
ਪ੍ਰਤਿਭਾ, ਅਲੰਕਾਰ, ਬਿੰਬ ਤੇ
ਸਿਰਜਣਾਤਮਿਕ ਭਾਵ ਪਏ ਨੇ ਉਕਰੇ।

ਆਓ! ਬਾਬੇ ਨੂੰ ਦੇਵਤਾ ਨਾ ਬਣਾਈਏ ਤੇ
ਨਾ ਕਰੀਏ ਗੁਰਦੁਵਾਰਿਆਂ ਵਿੱਚ ਕੈਦ।
ਕਿਉਂਕਿ ਸਮਾਜ ਨੂੰ ਹੁਣ ਦੇਵਤਿਆਂ ਦੀ ਨਹੀਂ,
ਸਗੋਂ ਲੋੜ ਹੈ ਕਰਾਂਤੀਕਾਰੀ ਜੁਝਾਰੂਆਂ ਦੀ,
ਜੋ ਭਟਕਿਆਂ ਨੂੰ ਰਾਹ ਦੱਸਣ।

ਜਿਵੇਂ ਉਹ ਆਪਣੀ ਯਥਾਰਥ ਰੂਪੀ ਕਵਿਤਾ
ਅਰਥਾਤ ਕਲਮ ਦੀ ਕੁੱਖੋਂ
"ਰਾਜੇ ਸ਼ੀਂਹ, ਮੁਕੱਦਮ ਕੁੱਤੇ,
ਜਾਇ ਜਗਾਇਨ ਬੈਠੇ ਸੁੱਤੇ।"
ਜਾਂ "ਅੰਧੀ ਰਾਯਤਿ ਗਿਆਨ ਵਿਹੂਣੀ,
ਭਾਹਿ ਭਰੇ ਮੁਰਦਾਰ"
ਦਾ ਦਿੰਦਾ ਹੈ ਹੋਕਾ
ਤੇ ਜਗਾਉਣ ਲਈ ਸੁੱਤੀ ਰਾਯਿਤ ਨੂੰ,
ਜਿਹੜੀ ਕਰਦੀ ਹੈ
ਬੇਕਦਰੀ ਆਪਣੇ ਜੰਮਣ ਵਾਲੀ ਦੀ
"ਸੋ ਕਿਉਂ ਮੰਦਾ ਆਖੀਐ,
ਜਿਤੁ ਜੰਮੈ ਰਾਜਾਨ।"
ਉਹ ਲੋਕ ਕਵੀ ਜਿਸ ਦੀ ਜ਼ਮੀਰ ਮਾਰਦੀ ਹੈ ਠੋਕਰ,
ਸ਼ਾਹੀ ਮਹਿਲਾਂ ਨੂੰ
ਤੇ ਮਾਰਦੀ ਹੈ ਤਾਹਨਾ ਰੱਬ ਨੂੰ———
"ਏਤੀ ਮਾਰ ਪਈ ਕੁਰਲਾਣੇ,
ਤੈਂ ਕੀ ਦਰਦ ਨਾ ਆਇਆ"



ਹੁਣ ਬਾਬਾ ਮੈਨੂੰ ਦੇਵਤਾ ਨਹੀਂ,
ਸਗੋਂ ਇੱਕ ਵਿਗਿਆਨਕ ਰਹਿਨੁਮਾ ਲੱਗਦੈ।

ਜਿਸਦੀ "ਮੱਕਾ ਫੇਰਨ"
"ਜਨੇਊ ਪਹਿਨਣ" ਤੇ
ਮੱਝਾਂ ਚਾਰਨ ਦੀ ਸਾਖੀ,
ਤਰਕ ਦੀ ਕਸਵੱਟੀ ਤੇ ਉੱਤਰਦੀ ਹੈ ਖਰੀ।
ਹੁਣ ਦੇਵਤਿਆਂ ਦੀ ਨਹੀਂ,
ਸਗੋਂ ਲੋੜ ਹੈ ਹੱਕ ਤੇ ਸੱਚ ਦੇ ਹਾਮੀਆਂ ਦੀ।
ਜੋ ਝੂਠ ਦੀ ਸਲਤਨਤ ਵਿੱਚੋਂ,
ਲੱਭ ਸਕਣ ਤਰਕ ਦੇ ਪੁਜਾਰੀ,
ਜੋ ਦੇ ਸਕਣ ਬਾਬੇ ਨੂੰ ਉਹਦਾ ਬਣਦਾ ਹੱਕ।

ਤੇ 'ਕਹਿ ਸਕਣ ਮਲਕ ਭਾਗੋਆਂ ਨੂੰ ਉਹਦੇ ਅਨੁਸਾਰ,
"ਜੇ ਰੱਤੁ ਲਗੈ ਕੱਪੜੇ ਜਾਮਾ ਹੋਇ ਪਲੀਤੁ,
ਜੇ ਰਤੁ ਪੀਵਹੁ ਮਾਣਸਾ
ਤਿਨੁ ਕਿਉ ਨਿਰਮਲ ਚੀਤੁ"
ਹੁਣ ਪਹਿਲਾਂ ਵਾਂਗ ਮੈਨੂੰ
ਬਾਬਾ ਸਮਾਧੀ ਵਾਲਾ.
ਸਿਰ 'ਤੇ ਸੂਰਜ ਦੇ ਚੱਕਰ ਵਾਲਾ,
ਸ਼ਾਂਤ ਚਿੱਤ ਤੇ
ਕਰਾਮਾਤੀ ਬਾਬਾ ਨਹੀਂ ਲੱਗਦਾ।

ਹੁਣ—
ਉਹ ਥਾਂ ਥਾਂ ਭਟਕਦਾ —
ਜੀਹਨੇ ਪਿੰਡ ਪਿੰਡ ਫਿਰਕੇ—ਪਵਾਏ ਹਨ ਪੈਰੀਂ ਛਾਲੇ,
ਬਾਬਰ ਦੀ ਚੱਕੀ ਪੀਹ ਪੀਹ ਕੇ— ਹੱਥੀਂ ਅੱਟਣ

ਤੇ ਆਪਦੇ ਸੱਠਵਿਆਂ'ਚ ਹਲ ਵਾਹ ਵਾਹ ਕੇ
ਕੱਢਿਆ ਹੈ ਖੇਤਾਂ ਚੋਂ ਦੱਬਿਆ ਖਜ਼ਾਨਾ ਤੇ
ਦਿੱਤਾ ਹੈ ਹੋਕਾ ਸੱਚੀ ਕਿਰਤ ਦਾ।
ਹੁਣ ਉਹ ਮੈਨੂੰ ਇੱਕ ਖੋਜੀ ਲੱਗਦੈ।

ਪਰ ਹੁਣ ਬਾਣੀ ਦੇ ਰੱਖਵਾਲਿਆਂ ਨੇ ਹੀ ,
ਗੋਲਕਾਂ ਨੂੰ ਬੁਰਕ ਮਾਰ ਕੇ
ਰੂਪ ਧਾਰ ਲਿਆ ਹੈ ਮਲਕ ਭਾਗੋਆਂ ਦਾ।
ਤੇ ਬਾਬੇ ਦੀ ਦਿੱਤੀ ਸਿੱਖਿਆ
ਕਿਰਤ ਕਰੋ ਤੇ ਵੰਡ ਖਾਓ ਨੂੰ
ਕਰਕੇ ਨਜ਼ਰ ਅੰਦਾਜ਼।
ਵਿਹਲੀਆਂ ਖਾਓ ਤੇ ਨਾਮ ਜਪੋ
ਦਾ ਲਾਇਆ ਹੈ ਰਟਨ।
ਮੈਂ ਸਮਝਦੀ ਹਾਂ ਬਾਬੇ ਨਾਲ
ਕੀਤੀ ਹੈ ਸ਼ਰੇਆਮ ਬੇਇਨਸਾਫ਼ੀ,
ਜਿਨ੍ਹਾਂ ਸਮਝਿਆ ਹੈ ਉਸਨੂੰ ਦੇਵਤਾ ਤੇ
ਕਰਦੇ ਨੇ ਪੂਜਾ,
ਸਿਰਫ਼ ਗੁਰਦੁਵਾਰਿਆਂ ਦੇ ਅੰਦਰ।

ਆਓ ਬਾਬੇ ਕਵੀ ਗੁਰੂ ਨੂੰ ਕਰੀਏ ਨਾ ਕੈਦ,
ਸਗੋਂ ਲੋਕ ਕਵੀ ਦੀਆਂ ਸੁਹਜਮਈ,
ਯਥਾਰਥਵਾਦੀ ਰਚਨਾਵਾਂ ਦਾ ਕਰੀਏ ਮੁਲਾਂਕਣ—
ਤੇ ਲ਼ੱਭ ਸਕੀਏ ਕੋਈ ਸੱਚ ਦਾ ਰਾਹ,
ਨੇਕੀ ਤੇ ਇਨਸਾਫ ਦਾ ਰਾਹ,
ਇਨਸਾਨੀਅਤ ਤੇ ਪਿਆਰ ਦਾ ਰਾਹ।
ਹੁਣ ਉਹ ਮੇਰਾ ਬਾਬਾ ਖੋਜੀ,
ਕਵੀ ਤੇ ਤਰਕਸ਼ੀਲ ਰਹਿਨੁਮਾ ਹੈ,
ਦੇਵਤਾ ਨਹੀਂ।



## ਰਾਜ਼ ਪਿਛਲੇ ਜਨਮ ਦਾ

ਰਵੀ ਆਉਂਦਾ ਹੈ ਟੀ.ਵੀ. 'ਤੇ
ਗੱਲ ਕਰਦਾ ਹੈ
ਪਿਛਲੇ ਜਨਮ ਦੇ ਰਾਜ਼ ਦੀ
ਮਨੋਵਿਗਿਆਨ ਮਾਹਰ
ਡਾ. ਤ੍ਰਿਪਤੀ ਜੈਨ
ਕਰਦੀ ਹੈ ਲੱਛੇਦਾਰ ਗੱਲਾਂ
ਪਾਲ਼ਦੀ ਹੈ ਭਰਮ
ਲੋਕਾਂ ਦੇ ਦਿਲਾਂ ਵਿੱਚ
ਪੈਸੇ ਤੇ ਸ਼ੁਹਰਤ ਲਈ
ਕਰਦੀ ਹੈ ਧੋਖਾ
ਸੱਚ ਤੇ ਮਨੋਵਿਗਿਆਨਕ ਸੋਚ ਨਾਲ।
ਤੇ ਸਿਗਮੰਡ ਫਰਾਈਡ

ਵਰਗੇ ਮਨੋਵਿਸ਼ਲੇਸ਼ਣ ਦੇ
ਵਿਗਿਆਨੀਆਂ ਨਾਲ
ਜਿਨ੍ਹਾਂ ਨੇ ਕੀਤਾ ਹੈ
ਮਨੋਵਿਗਿਆਨ ਦਾ ਤਹਿ ਤੱਕ ਮੁਲਾਂਕਣ।
ਉਹ ਪੁੱਛ ਪੜਤਾਲ ਕਰਕੇ
ਸੰਮੋਹਕ ਨੀਂਦ ਸੁਲਾ ਕੇ
ਲੈ ਜਾਂਦੀ ਹੈ ਰੋਗੀ ਨੂੰ
ਸੁਪਨਿਆਂ ਦੇ ਸੰਸਾਰ ਵਿੱਚ
ਵਿਗਿਆਨ ਦੀ ਓਟ ਲੈ ਕੇ
ਲਵਾਉਂਦੀ ਹੈ
ਅਸਮਾਨ ਦੀਆਂ ਉਡਾਰੀਆਂ
ਦਿਖਾਉਂਦੀ ਹੈ
ਜੀਵਨ ਦੀਆਂ ਦੁਸ਼ਵਾਰੀਆਂ
ਸਿਰਫ਼ ਕਲਪਨਾ ਵਿੱਚ
ਪਿਛਲੇ ਜਨਮ ਦੀਆਂ
ਅਦਭੁੱਤ ਤਸਵੀਰਾਂ
ਵਿਗਿਆਨ ਦੀਆਂ
ਅੱਜ ਦੀਆਂ ਮੱਲਾਂ ਦੇ
ਆਸਰੇ 'ਤੇ।
ਪਹੁੰਚਦੇ ਹਨ ਰੋਗੀ
ਜੋ ਉਸ ਕੋਲ
ਉਹ ਜੂਨ ਪੈਂਦੇ ਹਨ
ਬੰਦੇ ਤੋਂ ਬੰਦੇ ਦੀ
ਭਾਰਤੀ ਤੋਂ ਭਾਰਤੀ ਦੀ
ਉਹ ਭੁੱਲ ਜਾਂਦੀ ਹੈ
ਚੌਰਾਸੀ ਲੱਖ ਜੂਨਾਂ ਦਾ ਵੇਰਵਾ ਜੋ
ਲਿਖਿਆ ਹੈ ਧਾਰਮਿਕ ਗ੍ਰੰਥਾਂ ਵਿੱਚ
ਉਹ ਨਹੀਂ ਬਣਦੇ



ਕੀੜੇ-ਮਕੌੜੇ, ਕਾਂ-ਕੁੱਤੇ
ਗਧੇ ਤੇ ਖੋਤੇ
ਨਾ ਹੀ ਗੋਰੇ ਤੇ ਕਾਲ਼ੇ
ਨਾ ਬੋਲਦੇ ਹਨ
ਫਰੈਂਚ, ਚੀਨੀ ਜਾਂ ਜਪਾਨੀ
ਬੋਲਦੇ ਹਨ ਇੱਕੋ ਭਾਸ਼ਾ ਹਿੰਦੀ
ਜੋ ਫਿੱਟ ਆਉਂਦੀ ਹੈ
ਟੀ.ਵੀ. ਦੇ ਚੈਨਲ ਲਈ
ਉਹ ਜੰਮਦੇ ਤੇ ਮਰਦੇ ਹਨ
ਸਿਰਫ਼ ਤੇ ਸਿਰਫ਼
ਭਾਰਤ ਦੀਆਂ ਹੱਦਾਂ ਅੰਦਰ।
ਅਸੀਂ ਟੀ.ਵੀ.'ਚ ਮਗ਼ਨ
ਭੁੱਲ ਜਾਂਦੇ ਹਾਂ
ਰੋਟੀ ਪਾਣੀ ਦਾ ਸੁਆਦ
ਘਰ ਦੀ ਕਿਸ਼ਤ ਤੇ
ਬੱਚਿਆਂ ਦੀ ਫ਼ੀਸ ਦਾ ਖ਼ਿਆਲ
ਸੋਚਦੇ ਹਾਂ ਪਿਛਲੇ ਜਨਮ ਦੇ ਕਰਮਾਂ ਬਾਰੇ
ਰੋਜ਼ਾਨਾ ਦੇ ਕੀਤੇ
ਕਰਮਾਂ ਨੂੰ ਨਿਕਾਰਾ ਕਰਕੇ
ਰੋਂਦੇ ਹਾਂ ਕਿਸਮਤ ਨੂੰ
ਜ਼ਿੰਦਗੀ ਦੇ ਤਰਕ ਦੀ
ਲੜੀ ਜੁੜਨ ਤੋਂ ਪਹਿਲਾਂ
ਰਵੀ ਫਿਰ ਆ ਜਾਂਦਾ ਹੈ
ਕਿਸੇ ਨਾ ਕਿਸੇ ਰੂਪ ਵਿੱਚ
ਹੋਕਾ ਦਿੰਦਾ ਹੈ
ਸਾਡੀ ਕਿਸਮਤ ਨੂੰ ਕੋਸਦਾ ਹੈ
ਕਿਉਂਕਿ ਮੀਡੀਆ ਉਸਦਾ ਹੈ
ਪੂੰਜੀ ਦੇ ਬਲ 'ਤੇ

ਉਸਨੇ ਖ਼੍ਰੀਦ ਲਿਆ ਹੈ ਸਭ ਕੁਝ।
ਅਸੀਂ ਸਾਰਾ ਦਿਨ
ਟੁੱਟ ਟੁੱਟ ਮਰਕੇ
ਡਿੱਗਦੇ ਹਾਂ ਸੋਫ਼ੇ 'ਤੇ
ਕਰਦੇ ਹਾਂ ਬਹਾਨਾ ਮੰਨੋਰੰਜਨ ਦਾ
ਧੱਸਦੇ ਹਾਂ
ਗਹਿਰੀ ਦਲਦਲ ਵਿੱਚ
ਅਸੀਂ ਪਿਛਲੇ ਜਨਮ ਦੀਆਂ ਮਾਰਾਂ ਨੂੰ
ਕਿਸਮਤ ਦੇ ਲੇਖਾਂ ਨੂੰ
ਦੁੱਖਾਂ ਤੇ ਵੰਗਾਰਾਂ ਨੂੰ
ਚੁੱਪ ਚੁਪੀਤੇ
ਅਰਪਣ ਕਰ ਦਿੰਦੇ ਹਾਂ
ਰਵੀ ਤੇ ਡਾ. ਜੈਨ ਦੇ ਚਰਨਾਂ ਵਿੱਚ
ਕਿਉਂਕਿ ਉਹਨਾਂ ਨੇ ਸਾਨੂੰ ਨਹੀਂ
ਖ਼੍ਰੀਦ ਲਿਆ ਹੈ ਸਾਡੀ ਸੋਚ ਨੂੰ।
ਅਸੀਂ ਕਠਪੁਤਲੀਆਂ ਚਾਹੇ ਹੁਣ
ਕੋਈ ਵੀ ਨਾਚ ਨੱਚੀਏ
ਡੋਰ ਰਵੀ ਤੇ ਜੈਨ ਦੇ ਹੱਥਾਂ ਵਿੱਚ ਹੈ
ਰਵੀ ਹੁਣ ਮਸਤ ਹਾਥੀ ਵਾਂਗ
ਝੂਲਦਾ ਹੈ, ਸਭ ਨੂੰ ਲਿਤਾੜਦਾ ਹੈ
ਖੁੜਦੁੰਮ ਮਚਾਉਂਦਾ ਆਉਂਦਾ ਹੈ
ਅਸੀਂ ਸੋਚਹੀਣ, ਤਰਕਹੀਣ
ਤੇ ਨੇਤਰਹੀਣ ਬਣਕੇ
ਲਿਤਾੜੇ ਜਾਣ ਵਿੱਚ
"ਸ਼ਰਧਾ" ਨਾਲ ਲੈਂਦੇ ਹਾਂ
ਪੂਰਾ ਪੂਰਾ ਸੁਆਦ।



## ਮੈਂ ਚਾਹੁੰਦੀ ਹਾਂ

ਮੈਂ ਅਸਮਾਨ ਵਿੱਚ ਖੰਭ ਲਾ ਕੇ ਉਡਣਾ ਨਹੀਂ
ਚਾਹੁੰਦੀ ਹਾਂ ਧਰਤੀ ਦਾ ਉਹ ਟੁਕੜਾ
ਜਿਸਤੇ ਪੂਰੇ ਵਿਸ਼ਵਾਸ ਨਾਲ ਖੜ੍ਹ ਸਕਾਂ।
ਮਮਤਾ ਭਰੇ ਮੋਹ ਨਾਲ
ਔਰਤ ਦੇ ਅਸਤਿਤਵ ਨਾਲ।
ਧਰਤੀ
ਜਿਸਨੂੰ ਮੈਂ ਜ਼ਰਖੇਜ ਬਣਾਉਣ ਲਈ
ਮਿੱਟੀ ਨਾਲ ਮਿੱਟੀ ਹੋ ਕੇ
ਬਨਸਪਤੀ ਦਾ ਬੀ ਬੋਇਆ ਸੀ
ਉਗਾਈ ਸੀ
ਮਮਤਾ ਤੇ ਪਿਆਰ ਦੀ ਸੰਜੀਵਨੀ ਬੂਟੀ।
ਫਿਰ ਵੀ ਅਣਜਾਣੇ ਹੀ

ਉੱਗ ਪਏ
ਸਰਕੰਡਿਆਂ ਦੇ ਰੁੱਖ
ਜਿਨ੍ਹਾਂ ਮੈਨੂੰ ਬਦਨਾਮ ਹੀ ਨਹੀਂ
ਕੀਤਾ ਹੈ ਮੇਰੀ ਕੁੱਖ ਨੂੰ ਵੀ ਲਹੂ-ਲਹਾਣ।
ਮੈਂ ਦੁਨੀਆਂ ਦੀ ਅੱਧੀ ਸ਼ਕਤੀ
ਐਨੇ ਵਰ੍ਹਿਆਂ ਬਾਅਦ ਵੀ
ਕਰ ਸਕੀ ਹਾਂ ਪ੍ਰਤੀਨਿੱਧਤਾ
ਸਿਰਫ਼ ਇੱਕ ਪਰਸੈਂਟ ਦੀ
ਬਾਕੀ
ਚਾਰ ਦਿਵਾਰੀ ਦੀ ਕੈਦਣ ਬਣ
ਲੈਂਦੀ ਹੈ ਡਰ ਡਰ ਕੇ
ਪੀੜਾਂ ਪਰੁੰਨਿਆ ਸਾਹ
ਉਹ ਮੈਨੂੰ ਕਾਮ ਵਸਤੂ,
ਟੈਕਸੀ ਜਾਂ ਮਾਲ ਕਹਿ ਨਿਵਾਜਦੇ
ਤੋੜ ਕੇ ਮੇਰੇ ਖੰਭਾਂ ਨੂੰ ਪਹਿਨਾਉਂਦੇ ਜਦ
ਚੂੜੀਆਂ, ਝਾਂਜਰਾਂ, ਪੰਜੇਬਾਂ, ਨੱਥਾਂ
ਮੇਰੀਆਂ ਖੁਸ਼ੀਆਂ ਦਾ ਪਾਰਾਵਾਰ ਨਹੀਂ ਹੁੰਦਾ।
ਮੈਂ ਖੁਸ਼ ਹੁੰਦੀ ਹਾਂ
ਆਪਣੀ ਗੁਲਾਮੀ ਨੂੰ ਫੁੱਲਾਂ ਦਾ ਹਾਰ ਸਮਝ।

ਉਮਰਾਂ ਬੀਤ ਗਈਆਂ ਨੇ
ਮੁਸ਼ੱਕਤ ਕਰਦਿਆਂ
ਪੈਰੀਂ ਛਾਲੇ ਤੇ
ਹਿਜਰਾਂ ਵਿੱਚ ਦੁੱਖ ਸਮੇਟਦਿਆਂ
ਨਾ ਹੋ ਸਕੀ ਮੁਕਤ
ਗਿੱਚੀ ਪਿੱਛੇ ਮੱਤ ਜਾਂ ਪੈਰ ਦੀ ਜੁੱਤੀ ਵਰਗੇ
ਵਿਸ਼ੇਸਣਾਂ ਤੋਂ।

ਕਰੋ ਨਾ ਨਿਲਾਮ ਮੈਨੂੰ
ਸ਼ਰ੍ਹੇਬਜ਼ਾਰ



ਮਾਂ, ਭੈਣ, ਧੀ ਦੀਆਂ
ਗਾਲ਼ਾਂ ਦੀ ਤੱਕੜੀ ਵਿੱਚ।
ਵੇਚੋ ਨਾ ਮੇਰੀ ਅਸਮਤ
ਬਣ ਦੱਲੇ
ਰੰਡੀ ਬਜ਼ਾਰ ਵਿੱਚ।
ਕਰੋ ਨਾ ਕੋਰਟਾਂ ਕਚਹਿਰੀਆਂ'ਚ
ਮੇਰੀ ਇੱਜ਼ਤ ਦਾ ਫਲੂਦਾ
ਕਰਕੇ ਬਲਾਤਕਾਰ।
ਸਮਝੋ ਨਾ ਮੈਨੂੰ
ਕਾਮ ਵਾਸ਼ਨਾ ਤੇ ਨਸ਼ਿਆਂ ਦੀ ਭੈੜੀ ਵਾਦੀ।
ਮੈਂ ਸਿਰਜਣਹਾਰ ਹਾਂ
ਇਸ ਮਨਭਾਉਂਦੇ, ਲੁਭਾਉਣੇ ਸੰਸਾਰ ਦੀ।

ਮੈਂ ਤੁਹਾਥੋਂ ਚਿੜੀਆਂ ਦਾ ਦੁੱਧ ਨਹੀਂ ਮੰਗਦੀ
ਮੰਗਦੀ ਹਾਂ ਮਾਂ, ਭੈਣ ਤੇ ਧੀ ਦਾ
ਯਥਾਯੋਗ ਦਰਜਾ
ਮੰਗਦੀ ਹਾਂ ਥੋੜ੍ਹੀ ਜਿਹੀ ਥਾਂ
ਜਿਸ 'ਤੇ ਮੇਰੀਆਂ ਧੀਆਂ ਖੜ੍ਹ ਸਕਣ ਵਿਸ਼ਵਾਸ ਨਾਲ
ਕੋਹ ਨਾ ਸਕੇ ਕੋਈ ਬਾਜ਼
ਉਨ੍ਹਾਂ ਦੀਆਂ ਸੁਨਹਿਰੀ ਪੰਖੜੀਆਂ ਨੂੰ
ਡੁਲਾ ਨਾ ਸਕੇ ਉਨ੍ਹਾਂ ਦੇ ਹੌਂਸਲੇ ਨੂੰ
ਜਿਸ 'ਤੇ ਉਨ੍ਹਾਂ ਦੇ ਕਦਮ ਵੱਧਦੇ ਹਨ
ਮੰਜ਼ਲਾਂ ਦੀ ਥਾਹ ਪਾਉਣ ਲਈ।

ਧਰਤੀ 'ਤੇ ਹੀ ਥੋੜ੍ਹੀ ਥਾਂ ਮੰਗਦੀ ਹਾਂ
ਮੇਰੇ ਪੁੱਤਰਾਂ ਲਈ
ਖੜ੍ਹਾ ਰਹਿ ਸਕਣ ਉਹ ਮਜ਼ਬੂਤੀ ਤੇ
ਵਿਸ਼ਵਾਸ ਸੰਗ
ਡੋਲ ਨਾ ਸਕਣ
ਆਪਣੇ ਦ੍ਰਿੜ ਇਰਾਦੇ ਤੋਂ

ਬਣਨਾ ਨਾ ਪਵੇ ਉਨ੍ਹਾਂ ਨੂੰ
ਦਨਦਨਾਉਂਦੇ ਬਘਿਆੜ
ਜੋ ਉਡਾ ਦਿੰਦੇ ਹਨ ਚੀਥੜੇ
ਕਮਜ਼ੋਰ ਤੇ ਨਿਆਸਰਿਆਂ ਦੇ।

ਮੈਂ ਅੰਬਰਾਂ ਤੋਂ ਤਾਰੇ ਵੀ ਨਹੀਂ ਚਾਹੁੰਦੀ
ਮੇਰੀਆਂ ਤਾਂ ਥਿੜਕਦੀਆਂ ਲੱਤਾਂ ਚਾਹੁੰਦੀਆਂ ਹਨ
ਇੱਕ ਵਿਸ਼ਵਾਸ
ਇੱਕ ਆਸ
ਜਿਸ ਵਿੱਚ ਮੇਰੇ ਧੀਆਂ-ਪੁੱਤਰ
ਸੁੱਖ ਦਾ ਸਾਹ ਲੈ ਸਕਣ।

ਔਰਤ ਦਿਵਸ ਤੇ ਮੈਨੂੰ
ਕਹਿ ਕੇ ਮੁਬਾਰਕਾਂ
ਸ਼ਬਦਾਂ ਦਾ ਗਰਭਪਾਤ ਨਾ ਕਰੋ।
ਮੈਨੂੰ ਤਾਜਾਂ ਦੀ ਨਹੀਂ
ਲੋੜ ਹੈ ਅਮਲਾਂ ਦੀ
ਅਮਲਾਂ ਵਿੱਚੋਂ ਸੱਚ ਹੋਰ
ਸੋਹਣੀ ਨੁਹਾਰ ਲੈ ਕੇ
ਉੱਗੇਗਾ
ਨਿਖਰੇਗਾ
ਵਿਗਸੇਗਾ
ਸੰਵਰੇਗਾ
ਜੀਣ ਦਿਓ ਮੈਨੂੰ
ਅਟੁੱਟ ਵਿਸ਼ਵਾਸ ਨਾਲ
ਇਸ ਦੋ ਕਦਮ ਧਰਤੀ 'ਤੇ
ਦਿਓ ਬਰਾਬਰੀ ਦਾ ਹੱਕ
ਇਨਸਾਨੀਅਤ ਦਾ ਹੱਕ।

5 ਮਾਰਚ, 2010.



## ਰੱਖੜੀ

ਅੱਜ ਤਿਉਹਾਰ ਰੱਖੜੀ ਦੇ
ਜਿਹੜਾ ਹੁੰਦਾ ਪਿਆਰ ਦਾ ਬੰਧਨ,
ਤੇ ਇਕਰਾਰ ਦਾ ਬੰਧਨ।
ਭੈਣ ਨੇ ਵੀਰ ਦੀ ਖ਼ਾਤਰ,
ਉਹਦੀ ਸ਼ਮਸ਼ੀਰ ਦੀ ਖ਼ਾਤਰ।
ਉਹਦੀ ਸ਼ਾਨ ਨੂੰ ਤੱਕ ਕੇ,
ਉਹਦੀ ਆਨ ਨੂੰ ਤੱਕ ਕੇ,
ਭੈਣ ਸਿਰਫ਼ ਉਹਦੀ ਯਾਦ ਲਈ
ਦੋ ਅੱਖਰ ਲਿਖ ਕੇ
ਰੱਖੜੀ ਭੇਜ ਰਹੀ ਹੈ।

ਅੱਜ ਭੈਣ ਵੀਰੇ ਨੂੰ ਆਪਣਾ
ਫ਼ਰਜ਼ ਯਾਦ ਕਰਾਉਂਦੀ ਹੈ।
ਅਤੇ ਆਪ ਫਰਜ਼ ਨਿਭਾਉਣ ਲਈ,

ਚਾਹੁੰਦੀ ਹੈ ਹਾਜ਼ਰ ਹੋਣਾ।
ਕਾਸ਼! ਕਿੰਨਾ ਚੰਗਾ ਹੁੰਦਾ,
ਜੇ ਭੈਣ ਵੀਰੇ ਦੇ ਗੁੱਟ ਤੇ,
ਸੱਧਰਾਂ ਨਾਲ, ਪਿਆਰਾਂ ਨਾਲ
ਚਾਵਾਂ ਨਾਲ, ਮਲ੍ਹਾਰਾਂ ਨਾਲ
ਇੱਕ ਅਮੁੱਲੀ ਖੁਸ਼ੀ ਭੇਂਟ ਕਰਦੀ।
ਪਰ————————
ਫਿਰ ਵੀ ਦੂਰ ਬੈਠੇ ਵੀਰ ਤੋਂ
ਭੈਣ ਮਹਿਸੂਸ ਕਰਦੀ ਐ,
ਕਿ ਉਹਦਾ ਵੀਰਾ ਜਿਵੇਂ
ਰੱਖੜੀ ਦੇ ਨਾਲ ਨਾਲ
ਉਹਦੇ ਸਿਰ ਤੇ ਪਿਆਰ ਦਾ
ਹੱਥ ਰੱਖ ਰਿਹਾ ਹੋਵੇ।
ਇਹ ਰੱਖੜੀ ਤੇ ਪਿਆਰ ਦਾ ਹੱਥ
ਦੋਨ੍ਹਾਂ ਦੀ ਸਾਂਝ ਵਿੱਚ
ਇੱਕ ਇਕਰਾਰਨਾਮਾ ਪੇਸ਼ ਕਰ ਰਿਹੈ
ਭੈਣ ਦੀ ਇੱਛਾ ਹੈ————
ਇਹ ਇਕਰਾਰਨਾਮਾ
ਕੁੱਝ ਪਲ ਜਾਂ ਸਾਲਾਂ ਤੱਕ ਸੀਮਤ ਨਾ ਹੋ ਕੇ
ਸਗੋਂ ਸਮੁੱਚੀ ਜ਼ਿੰਦਗੀ
ਭੈਣ ਤੇ ਵੀਰੇ ਦਾ ਪਿਆਰ ਬਣਿਆ ਰਹੇ।

ਵੀਰ ਦੀ ਖੁਸ਼ੀ
ਭੈਣ ਦੀ ਖੁਸ਼ੀ ਐ।
ਆਸ ਕਰਦੀ ਹਾਂ ਮੈਂ
ਇਸ ਵੀਰ ਤੇ ਭੈਣ ਦਾ ਰਿਸ਼ਤਾ
ਕਦੇ ਉੱਖੜ ਨਾ ਜਾਵੇ
ਕਦੇ ਰੁਲ਼ ਨਾ ਜਾਵੇ



ਇਸ ਜੀਵਨ ਰੂਪੀ
ਸਮੁੰਦਰ ਦੀ ਮੰਝਧਾਰ ਵਿੱਚ।
ਜਿੱਥੋਂ ਨਿਕਲਣਾ ਸਿਰਫ਼
ਮੁਸ਼ਕਲ ਹੀ ਨਾ ਹੋਵੇ
ਸਗੋਂ ਅੱਤ ਅਸੰਭਵ ਵੀ।

ਰਸਤੇ ਆਉਂਦੇ ਨੇ ਏਕ ਤੋਂ
ਬਾਅਦ ਅਨੇਕ
ਪਰ ਭੈਣ ਦਾ ਮਨ ਭਟਕਦਾ ਹੈ
ਵੀਰੇ ਦੀ ਯਾਦ ਲਈ
ਇਸ ਘੁੰਮਣਘੇਰੀ ਜੀਵਨ ਵਿੱਚ
ਦੁੱਖ ਸਹਿ ਕੇ ਵੀ,
ਮੁਸ਼ਕਲਾਂ ਸੰਗ ਰਹਿ ਕੇ ਵੀ,
ਵੀਰੇ ਕਦੇ ਭੁੱਲ ਨਾ ਜਾਈਂ
ਇਸ ਅਟੁੱਟ ਧਾਗੇ ਦੀ
ਅਸਲੀਅਤ ਨੂੰ।

ਚਾਹੇ ਇਹ ਕਿਸੇ ਵੀ
ਜਾਮੇ ਵਿੱਚ ਹੋਵੇ,
ਇਹਦੀ ਹਕੀਕਤ ਨੂੰ
ਲੋਕ ਘੱਟ ਹੀ ਤਾਂ ਜਾਣਦੇ ਨੇ।
ਵੀਰ ਸਮਝਦੇ ਨੇ
ਰੱਖੜੀ ਦਾ ਮੁੱਲ ਦੇ ਕੇ
ਉਹ ਆਪਣਾ ਕਰਜ਼ ਉਤਾਰ ਲੈਂਦੇ ਨੇ।
ਪਰ ਨਹੀਂ————
ਇਹਦਾ ਕਰਜ਼ ਤਾਂ ਹਰ ਪਲ
ਹਰ ਸਾਲ ਨਵਾਂ ਰੂਪ
ਨਿਖ਼ਾਰ ਕੇ ਲੈ ਆਉਂਦਾ ਹੈ।

## ਸੁਨੇਹਾ

ਸਮੇਂ ਦੀ ਤੋਰ ਨੂੰ ਰਾਹੀ,
ਪਕੜ ਨਾ ਖਿੱਚ ਕੇ ਬਾਹੋਂ।
ਇਹ ਤਬਦੀਲੀ ਦਾ ਮੌਸਮ ਹੈ,
ਕਿਉਂ ਭਟਕਿਆ ਰਾਹੋਂ।
ਬਣਦਾ ਕਦੀ ਨਹੀਂ ਉਹੀ ਸਭ ਕੁੱਝ,
ਜੋ ਤੁਸੀਂ ਦਿਲ ਭਰ ਕੇ ਚਾਹੋਂ।
ਦੁੱਖ ਕੱਟਣੇ ਨਹੀਂ ਪੈਰੀਂ ਧੋਤੇ ਮੱਥੇ ਟੇਕੇ,
ਚਾਹੇ ਲੱਖ ਤੀਰਥੀਂ ਨਾਹਵੇਂ।
ਤੁਰਨਾ ਜ਼ਿੰਦਗੀ ਹੈ,ਦੌੜਨਾ ਬੰਦ ਕਰਲੈ,
ਨਾ ਡਿੱਗੀਂ ਮੂੰਹ ਪਰਨੇ ਉੱਖੜਿਆ ਰਾਹੋਂ।
ਚੱਲਣਾ ਝਾਤੀ ਮਾਰ ਕੇ ਅੰਦਰ,
ਹੋਣਾ ਪਰਪੱਕ ਜ਼ਮੀਰ ਦੀ ਨਿਗਾਹੋਂ।
ਹੌਂਸਲੇ ਬੁਲੰਦ ਰੱਖ ਮੰਜ਼ਲ ਨੂੰ ਪਾਣ ਦੇ,
ਦ੍ਰਿੜ੍ਹਤਾ ਮਿਲੇਗੀ ਮੰਜ਼ਲ ਨੂੰ ਗਾਹੋਂ ਵੇਗਾਹੋਂ
ਐ ਰਾਹੀ ਹਿੰਮਤ ਚੀਰੇਗੀ ਤੂਫ਼ਾਨਾਂ ਨੂੰ,
ਅਗਰ ਬਾਂਹਾਂ 'ਚ ਬਾਂਹਾਂ ਪਾਵੇਂ।



## ਉਡੀਕ

ਹਰ ਡੂੰਘੀ ਆਥਣ ਆਵੇ
ਤੇਰੀਆਂ ਕਰਾਂ ਉਡੀਕਾਂ ਮੈਂ,
ਤੇਰੇ ਮਿੱਠੇ ਬੋਲ ਸੁਣਨ ਨੂੰ
ਪਾਵਾਂ ਔਂਸੀਆਂ ਤੇ ਨਿੱਤ ਲੀਕਾਂ ਮੈਂ।

ਸਮਝ ਸਕੀ ਨਾ ਕਦੇ ਕਿਉਂ,
ਆਪਣੀਆਂ ਸਾਂਝਾ ਮੁੱਕੀਆਂ ਨੇ,
ਕਿਉਂ ਇੱਕ ਦੂਜੇ ਤੋਂ ਡਰਦੇ ਰਹਿੰਦੇ
ਕਿਉਂ ਮੋਹ ਦੀਆਂ ਤੰਦਾਂ ਟੁੱਟੀਆਂ ਨੇ।

ਜਦ ਵੀ ਤੇਰੇ ਮੂੰਹ ਵਲ ਤੱਕਾਂ
ਮੀਤ ਮੇਰਾ ਮੈਨੂੰ ਦਿੱਸੇ ਨਾ,
ਆਸ ਜਿਹੀ ਵਿੱਚ ਦਿਨ ਲੰਘਾਵਾਂ,
ਰਾਤ ਆਵੇ ਮੇਰੇ ਹਿੱਸੇ ਨਾ।

ਮਰ ਮਰ ਕੇ ਮੈਂ ਪਲ ਪਲ ਜੀਵਾਂ
ਲ਼ੱਭਦੀ ਫਿਰਾਂ ਕਿਨਾਰਾ ਵੇ,
ਕਿਉਂ ਕਮਲ਼ਿਆ ਦੁਖੀ ਤੂੰ ਕਰਦਾ
ਮੇਰਾ ਤੂੰ ਤਾਂ ਇੱਕ ਸਹਾਰਾ ਵੇ।

ਮੇਰੇ ਦਿਲ ਤੋਂ ਪੁੱਛ ਕੇ ਦੇਖ ਲੈ
ਮੇਰੇ ਰੋਮ ਰੋਮ ਵਿੱਚ ਤੂੰ ਹੀ ਵੱਸਦਾ,
ਕਿਉਂ ਦਿਲ ਤੇਰਾ ਕਦੇ ਨਾ ਕਰਦਾ
ਦੇਖਣ ਨੂੰ ਮੇਰਾ ਚਿਹਰਾ ਹੱਸਦਾ।

ਇਸ ਕਲਜੋਗਣ ਲਾਲ ਪਰੀ ਨੇ
ਕੀ ਤੇਰੇ 'ਤੇ ਜਾਦੂ ਪਾਇਆ,
ਕਦੇ ਸੋਚ ਕੇ ਦੇਖੀਂ ਜ਼ਿੰਦਗੀ'ਚ
ਤੂੰ ਕੀ ਪਾਇਆ ਤੇ ਕੀ ਗੁਆਇਆ।

ਹਰ ਦੁੱਖ ਸੁੱਖ ਦੀ ਸਾਂਝਣ ਮੈਂ ਤੇਰੀ
ਫ਼ਿਰ ਵੀ ਦਿਲੋਂ ਵਿਸਾਰੇ ਕਿਉਂ?
ਜੀਣ ਨਹੀਂ ਜੇ ਰੱਜ ਕੇ ਦੇਣਾ,
ਤਿਲ ਤਿਲ ਕਰਕੇ ਮਾਰੇ ਕਿਉਂ ?

13 ਫਰਵਰੀ, 2009.



## 15 ਅਗਸਤ

ਕੰਡਿਆਲੀ ਵਾੜ ਦੇ ਦੋਨੀਂ ਪਾਸੀਂ
ਅੱਜ ਹੋਣਗੇ ਜਸ਼ਨ
ਝੁਲਾਏ ਜਾਣਗੇ ਝੰਡੇ
ਵੰਡੀਆਂ ਜਾਣਗੀਆਂ ਖੁਸ਼ੀਆਂ
ਪਵੇਗੀ ਗਲਵੱਕੜੀ
ਅਜ਼ਾਦੀ ਦੀ ਆਮਦ 'ਤੇ।

ਅਜ਼ਾਦੀ ਦੇ ਜਸ਼ਨਾਂ ਵਿੱਚ
ਰੁੜ੍ਹ ਗਏ ਨੇ ਹੰਝੂ ਤੇ ਹਾਵੇ
ਦਸ ਲੱਖ ਲੋਕਾਂ ਦੀਆਂ ਜਾਨਾਂ
ਹੋਇਆ ਸੀ ਘਾਣ ਮਨੁੱਖਤਾ ਦਾ
15 ਅਗਸਤ 1947 ਨੂੰ
ਸਾਮਰਾਜ ਨੇ ਪਾ ਕੇ ਵੰਡੀਆਂ
ਧਰਮਾਂ ਨੂੰ ਦਿੱਤਾ ਸੀ
ਨਾਂ ਕੌਮਾਂ ਦਾ
ਆਪਸ ਵਿੱਚ ਲੜਾ ਕੇ
ਸਾਂਝਾ ਮੁਕਾ ਕੇ
ਰਿਸ਼ਤਿਆਂ'ਚ ਵੰਡੀਆਂ ਪਾ ਕੇ
ਹਿੰਦੂ, ਮੁਸਲਿਮ, ਸਿੱਖ, ਇਸਾਈ
ਇਹ ਸਾਰੇ ਹਨ ਭਾਈ ਭਾਈ
ਦਾ ਨਾਹਰਾ ਤੁੜਵਾ ਕੇ
ਬਣਾ ਦਿੱਤਾ ਸੀ ਵੈਰੀ
ਮਰਵਾਉਣ ਲਈ
ਭਾਈ ਨੂੰ ਭਾਈ ਤੋਂ।

ਪਾੜੋ ਤੇ ਰਾਜ ਕਰੋ ਦੀ
ਨੀਤੀ ਅਪਣਾ ਕੇ
ਦੇਸ਼ ਦੇ ਟੋਟੇ ਕਰਕੇ
ਅਜ਼ਾਦੀ ਦਾ ਲੜ
ਚੋਰਾਂ ਤੋਂ ਫੜ ਕੇ
ਠੱਗਾਂ ਨੂੰ ਦੇ ਕੇ
ਸੰਵਿਧਾਨ ਨੂੰ ਛਿੱਕੇ ਟੰਗ ਕੇ
ਭੁਲਾ ਕੇ ਮਾਂਵਾਂ ਦੇ ਹਿਰਦੇ ਦੀ ਪੀੜਾ
ਮਨੁੱਖਤਾ ਦੇ ਮੰਜ਼ਰ ਦੀ ਦਾਸਤਾਨ
ਕੈਂਪਾਂ'ਚ ਰੁਲ਼ਦੇ
ਬੁਖਲਾਏ ਬੱਚਿਆਂ ਦਾ ਦਰਦ
ਅਬਲਾਵਾਂ ਦੀ ਆਬਰੂ
ਧੀਆਂ ਭੈਣਾਂ ਦੀਆਂ ਇੱਜ਼ਤਾਂ ਨੂੰ ਭੁੱਲ
ਜਾ ਰਹੇ ਹਾਂ
ਅਖੌਤੀ ਅਜ਼ਾਦੀ ਦੇ ਜਸ਼ਨਾਂ ਵਿੱਚ।

ਅੱਜ ਫਿਰ
ਕੰਡਿਆਲੀ ਵਾੜ ਦੇ ਦੋਨੀਂ ਪਾਸੀਂ
ਹੋਣਗੇ ਜਸ਼ਨ
ਝੁਲਾਏ ਜਾਣਗੇ ਝੰਡੇ
ਵੰਡੀਆਂ ਜਾਣਗੀਆਂ ਖੁਸ਼ੀਆਂ
ਪਵੇਗੀ ਗਲਵੱਕੜੀ
ਧਰਤੀ ਦੀ ਗੋਦ ਵਿੱਚ
ਦਫ਼ਨ ਹੋਈਆਂ
ਬੇਕਸੂਰ, ਬੇਇਲਮ
ਲਾਸ਼ਾਂ ਦੀ ਹਿੱਕ 'ਤੇ
ਹਰ ਸਾਲ ਵਾਂਗ।



## ਸ਼ਹੀਦ ਭਗਤ ਸਿੰਘ ਦੇ ਜਨਮ ਦਿਨ ਨੂੰ ਸਮਰਪਿਤ

ਅੱਜ ਤੇਰੇ 100ਵੇਂ ਜਨਮ ਦਿਨ
ਤੇ ਦਿੰਦੀ ਹਾਂ ਮੁਬਾਰਕਾਂ
ਸਿਰਫ਼ ਤੇਰੇ ਜਨਮ ਦੀਆਂ ਨਹੀਂ,
ਸਗੋਂ ਇਹ ਸਾਰੀ ਮਨੁੱਖਤਾ ਦੇ ਦਿਲਾਂ ਦੀ
ਧੜਕਣ ਵਿੱਚ ਜੀਣ ਦੀਆਂ।

ਵੀਰਿਆ, ਤੂੰ ਤਾਂ ਲੱਗਦਾ ਹੀ ਨਹੀਂ
ਕਿ ਸੌ ਸਾਲਾਂ ਦਾ ਹੋ ਗਿਆ
ਇੱਕ ਵਾਰ ਤਾਂ ਸੌ ਸਾਲ ਸੋਚ ਕੇ ਲੱਗਦੈ
ਤੂੰ ਬਹੁਤ ਬੁੱਢਾ, ਮੁਰਝਾਇਆ ਜਿਹਾ
ਹੋਵੇਂਗਾ ਬਿਨਾਂ ਦੰਦਾਂ ਦੇ।

ਸ਼ਾਬਾਸ਼ ਤੇਰੀ ਜ਼ਿੰਦਗੀ ਦੇ ਕਿ
ਤੂੰ ਹਰ ਬੱਚੇ, ਬੁੱਢੇ ਤੇ ਜਵਾਨਾਂ ਦੇ
ਦਿਲਾਂ ਦੀ ਧੜਕਣ ਬਣਿਆ ਤੇ
ਰਿਹਾ ਹਰ ਵਕਤ ਜਵਾਨ ਹੀ।
ਤੇਰੇ ਪਿੱਛੋਂ ਤੇ ਅੱਗੋਂ ਮੇਰੇ ਵਰਗੇ
ਅਨੇਕਾਂ ਹੀ ਜੰਮੇ ਮਰੇ
ਉਨ੍ਹਾਂ ਦੀ ਜ਼ਿੰਦਗੀ ਦੇ
ਅਰਥ ਸੀਮਤ ਹੋ ਨਿਬੜੇ।

ਤੂੰ ਅਜਿਹੀ ਬਿਮਾਰੀ ਦੀ ਮੌਤੇ
ਨਹੀਂ ਮਰਿਆ ਜਿਸਦੀ ਕੀਮਤ
ਤੇਰੇ ਰਾਹਗੀਰ ਕਰਤਾਰ ਸਰਾਭੇ ਨੇ
ਦੱਸੀ ਸੀ ਆਪਣੇ ਦਾਦੇ ਨੂੰ।

ਤੇਰਾ ਤਾਂ ਬੋਲਿਆ ਤੇ ਲਿਖਿਆ
ਹਰ ਅੱਖਰ ਬਣਿਆ ਹੈ ਸਭ ਦੀ ਰੂਹ
ਅੱਜ ਵੀ ਹਾਲਾਤ ਤੋਂ ਟੁੱਟਿਆ ਕੋਈ
ਬੁੱਢਾ ਬਾਬਾ, ਪੜਛੱਤੀ ਥੱਲੇ ਬੈਠਾ
ਕਹਿ ਦਿੰਦਾ ਹੈ ਸੁਭਾਵਕ ਹੀ,
"ਇਸ ਨਾਲੋਂ ਤਾਂ ਅੰਗਰੇਜ਼ਾਂ ਦਾ ਰਾਜ ਚੰਗਾ ਸੀ।"

ਝਟਕਾ ਜਿਹਾ ਲੱਗਦੈ
ਹੁੰਦਾ ਹੈ ਅਫ਼ਸੋਸ
ਤੁਹਾਡੀਆਂ ਦਿੱਤੀਆਂ ਕੁਰਬਾਨੀਆਂ 'ਤੇ



ਅਗਰ ਤੁਸੀਂ ਅੱਜ ਜ਼ਿੰਦਾ ਹੁੰਦੇ
ਜਾਣ ਸਕਦੇ ਦਾਸਤਾਨ ਇਨ੍ਹਾਂ ਬਾਬਿਆਂ ਦੀ
ਦੇ ਸਕਦੇ ਉਨ੍ਹਾਂ ਦੇ ਸਵਾਲਾਂ ਦੇ ਜਵਾਬ।
ਦੱਸਦੇ ਕਿ ਗੁਲਾਮੀ ਤਾਂ ਗੁਲਾਮੀ ਹੀ
ਹੁੰਦੀ ਹੈ ਚਾਹੇ ਕਾਲ਼ਿਆਂ ਦੀ ਹੋਵੇ
ਜਾਂ ਗੋਰਿਆਂ ਦੀ।
ਇਨਸਾਫ਼ ਦੀ ਮੰਗ ਕਰਨਾ ਤਾਂ
ਹਰ ਇਨਸਾਨ ਦਾ ਜੱਦੀ ਹੁੰਦਾ ਹੈ ਹੱਕ।

ਵੀਰਿਆ, ਅੱਜ ਵੀ ਭੁੱਖ ਨਾਲ ਵਿਲਕਦੇ ਬੱਚੇ,
ਲੁੱਟੀ ਹੋਈ ਅਸਮਤ ਨਾਲ ਮਾਂ,
ਭਰਾੜ ਹੋਏ ਕੰਬਲ ਵਿੱਚ ਠੁਰ ਠੁਰ
ਕਰਦਾ ਬੁੱਢਾ ਬਾਬਾ ਇਹ
ਕਹਿੰਦਾ ਹੈ, "ਸੁੱਖ ਰੱਖੀਂ, ਦਾਤਾ ਮਿਹਰ ਕਰੀਂ"
ਉਦੋਂ ਪਤਾ ਲੱਗਦੈ ਕਿ ਤਾਂ ਹੀ
ਤਾਂ ਤੈਨੂੰ ਸ਼ਹੀਦਾਂ ਵਿੱਚ
ਨਹੀਂ ਕੀਤਾ ਗਿਆ ਸ਼ਾਮਲ।
ਅਗਰ ਉਹ ਅਜਿਹਾ ਕਰਦੇ
ਤਾਂ ਲੋਕਾਂ ਨੇ ਦੇਣਾ ਸੀ ਪਹਿਰਾ
ਤੇਰੀ ਸੋਚ ਤੇ, ਪੜ੍ਹ ਸੁਣ ਕੇ
ਪਰਖਣਾ ਸੀ ਹਰੇਕ ਦੰਭ ਨੂੰ,
ਤੇਰੇ ਵਾਲੀ ਕਸਵੱਟੀ 'ਤੇ
ਸਮਝਣਾ ਸੀ ਕਿ ਤੂੰ ਕਿਉਂ ਸੀ
ਇਨਕਾਰੀ ਦਾਤੇ ਦੀ ਹੋਂਦ ਤੋਂ।

ਬਾਬਿਆਂ ਨੂੰ ਵੀ ਗਾਹੇ ਵਗਾਹੇ ਲੱਗ ਜਾਂਦਾ ਪਤਾ
ਜਿੰਨਾ ਚਿਰ ਦਾਤਿਆਂ ਦੀ ਮਿਹਰ
ਦਾ ਉਤਾਰ ਕੇ ਪਰਦਾ
ਸੋਚਦੇ ਨਹੀਂ ਤਰਕ ਨਾਲ।
ਉਦੋਂ ਤੱਕ ਉਹੀ ਮਾਨਣੀ ਪਵੇਗੀ
ਭੁੱਖ, ਦੁੱਖ ਤੇ ਭਰਾੜ ਹੋਏ
ਕੰਬਲਾਂ ਦੀ ਸੇਜ਼,
ਸੋਚਣਾ ਪਵੇਗਾ ਮੁੱਢੋਂ ਸੁੱਢੋਂ ਹੀ ਸਭ ਕੁੱਝ।

ਅੱਜ ਕਰਦੀ ਹਾਂ ਯਾਦ,
ਤੇਰਾ ਇਹ ਸੁਨੇਹਾ
ਅਜ਼ਾਦੀ, ਬਰਾਬਰੀ, ਮੁੱਢੋਂ ਤਬਦੀਲੀ
ਤੇ ਸਮਾਜਵਾਦ ਦਾ
ਪਵੇਗਾ ਹੋਣਾ ਚੇਤੰਨ ਸਭ ਨੂੰ
ਤੇਰੇ ਕਹੇ ਲਫ਼ਜ਼ਾਂ ਨੂੰ ਦੁਹਰਾ ਕੇ
ਤੇਰੇ ਹੀ ਜਨਮ ਦਿਨ ਤੇ,
"ਪੜ੍ਹੋ, ਅਲੋਚਨਾ ਕਰੋ, ਸੋਚੋ ਤੇ
ਇਹਦੀ (ਇਤਿਹਾਸ) ਮੱਦਦ ਨਾਲ
ਆਪਣੇ ਵਿਚਾਰ ਬਣਾਉਣ ਦੀ ਕੋਸ਼ਿਸ਼ ਕਰੋ।"
ਅਤੇ
"ਜਿੰਨਾ ਚਿਰ ਮਨੁੱਖ ਦੀ ਮਨੁੱਖ ਹੱਥੋਂ
ਲੁੱਟ ਖਤਮ ਨਹੀਂ ਹੋ ਜਾਂਦੀ।"
ਸਾਡੀ ਜੰਗ ਜਾਰੀ ਰਹੇਗੀ,
ਸਾਡੀ ਜੰਗ ਜਾਰੀ ਰਹੇਗੀ।



## ਪ੍ਰੀਵਰਤਨ

ਨਿੱਕੇ ਬੀਜ ਤੋਂ ਬਣਦਾ ਹੈ ਦਰਖ਼ਤ,
ਦਰਖ਼ਤ ਤੋਂ ਬਣਦਾ ਹੈ ਲੱਕੜ ਦਾ ਘਰ,
ਲੋਹੇ ਤੋਂ ਬਣਦਾ ਹੈ ਹਥਿਆਰ,
ਕੱਚ ਤੋਂ ਬਣਦਾ ਹੈ ਬਰਤਨ,
ਸੋਨੇ ਚਾਂਦੀ ਤੋਂ ਬਣਦਾ ਹੈ ਗਹਿਣਾ,
ਰੂੰ ਤੋਂ ਬਣਦਾ ਹੈ ਕੱਪੜਾ,
ਦੁੱਧ ਤੋਂ ਬਣਦਾ ਹੈ ਦਹੀਂ,
ਦਾਣੇ ਤੋਂ ਬਣਦਾ ਹੈ ਆਟਾ,
ਆਟੇ ਤੋਂ ਬਣਦੀ ਹੈ ਰੋਟੀ
ਮਿੱਟੀ ਤੋਂ ਬਣਦੀ ਹੈ ਇੱਟ,
ਇੱਟਾਂ ਤੋਂ ਬਣਦੇ ਨੇ ਮਹਿਲ।

ਪਰ ਸਾਰਿਆਂ ਨੂੰ ਕੁਠਾਲੀ ਵਿੱਚ ਪੈ ਕੇ,
ਪੈਂਦਾ ਹੈ ਗੁਜ਼ਰਨਾ,
ਤੇ ਹੁੰਦਾ ਹੈ ਪ੍ਰੀਵਰਤਨ।

ਹੁਣ ਵੀ ਲੋੜ ਹੈ ਪ੍ਰੀਵਰਤਨ ਦੀ-

ਆਓ ਆਪਾਂ ਵੀ ਇਹੋ ਜਿਹੀ
ਵਿਗਿਆਨਕ ਕੁਠਾਲੀ ਵਿੱਚੋਂ ਦੀ ਗੁਜ਼ਰੀਏ,
ਸਿਰਜ ਸਕੀਏ
ਅਜਿਹਾ ਸਮਾਜ—————-
ਜਿਸ ਵਿੱਚ ਤੇਰ-ਮੇਰ ਨਾ ਹੋਵੇ,
ਹਰ ਘਰ ਵਿੱਚ ਚਾਨਣ ਦੀ ਥਾਂ ਨ੍ਹੇਰ ਨਾ ਹੋਵੇ,
ਸਭ ਦੀ ਹਰ ਸੁਭਾ ਸਵੇਰ ਈ ਹੋਵੇ।
ਜਾਤ-ਪਾਤ ਦਾ ਪ੍ਰਚਾਰ ਨਾ ਹੋਵੇ,
ਉਚ-ਨੀਚ ਦਾ ਹੰਕਾਰ ਨਾ ਹੋਵੇ।
ਅਮੀਰ- ਗਰੀਬ ਦਾ ਪਾੜਾ ਨਾ ਹੋਵੇ,
ਇੱਕ ਦੂਜੇ ਲਈ ਸਾੜਾ ਨਾ ਹੋਵੇ।
ਪੈਸੇ ਦੀ ਦੌੜ ਨਾ ਹੋਵੇ,
ਇੰਨੀ ਸੌੜੀ ਸੋਚ ਨਾ ਹੋਵੇ।

ਦੇਹ ਦਾ ਕਦੇ ਵਿਉਪਾਰ ਨਾ ਹੋਵੇ,
ਬਾਲਾਂ ਦਾ ਖਿਲਵਾੜ ਨਾ ਹੋਵੇ,
ਨਿੱਤ ਦਾ ਕਤਲੇਆਮ ਨਾ ਹੋਵੇ,
ਜਨ- ਜੀਣਾ ਹਰਾਮ ਨਾ ਹੋਵੇ।
ਕੂੜ ਭਰਿਆ ਸੰਸਾਰ ਨਾ ਹੋਵੇ।
ਰੰਗ-ਨਸਲ ਦਾ ਨਾਮ ਨਾ ਹੋਵੇ,
ਗੁੰਡੀ ਰੰਨ ਪਰਧਾਨ ਨਾ ਹੋਵੇ,
ਔਰਤ ਦਾ ਅਪਮਾਨ ਨਾ ਹੋਵੇ,
ਇਨਸਾਨ ਬੱਸ ਇਨਸਾਨ ਹੀ ਹੋਵੇ,
ਪਿਆਰ ਤੇ ਬੱਸ ਪਿਆਰ ਹੀ ਹੋਵੇ।



## ਸਰਬ-ਸ਼ਕਤੀਮਾਨ

ਰੱਬ ਇਕ ਆਤਮਾ ਹੈ
ਪ੍ਰਮਾਤਮਾ ਹੈ
ਸਭ ਦੇ ਦਿਲਾਂ ਵਿੱਚ ਵਸਦਾ ਹੈ
ਉਹਦੇ ਬਿਨਾਂ ਪੱਤਾ ਨਹੀਂ ਝੂਲਦਾ
'ਕਰੇ ਕਰਾਵੇ ਆਪੇ ਆਪ
ਮਾਨਸ ਕੇ ਕੁਛ ਨਾਂਹੀ ਹਾਥ'।

ਉਹ ਨਾ ਦਿੱਸਦਾ ਹੈ
ਨਿਰਅਕਾਰ, ਨਿਰਜੀਵ
ਨਿਰਲੋਭ, ਨਿਰਲੇਪ
ਇਹੋ ਜਿਹਾ ਬਹੁਤ ਹੀ ਕੁਝ
ਪਰ ਸਰਬ ਸ਼ਕਤੀਮਾਨ।

ਉਹ ਵਸਦਾ ਹੈ,
ਮੀਰ ਮੰਨੂੰ, ਹਿਟਲਰ, ਬੁਸ਼
ਤੇ ਚੰਗੇਜ਼ ਖਾਂ ਦੇ ਦਿਲ ਵਿੱਚ
ਉਕਸਾਉਂਦਾ ਹੈ ਉਨ੍ਹਾਂ ਨੂੰ
ਕਰਨ ਲਈ ਅੰਨ੍ਹੇ ਵਾਹ
ਜ਼ੁਲਮੋ ਸਿਤਮ
ਤਾਂ ਕਿ ਸਾਰੀ ਲੁਕਾਈ ਭੈ-ਭੀਤ
ਹੋ ਸਕੇ ਉਨ੍ਹਾਂ ਦੇ ਡਰ ਤੋਂ।
ਉਹ ਬੇਆਸਰਿਆਂ,
ਨਿਤਾਣਿਆਂ, ਨਿਥਾਵਿਆਂ,
ਭੁੱਖਿਆਂ, ਨੰਗਿਆਂ
ਗ਼ਰੀਬਾਂ
ਨੂੰ ਬਖ਼ਸ਼ਦਾ ਹੈ ਬਲ
ਸਹਿਣ ਲਈ ਤਸ਼ੱਦਦ।

ਉਹ ਭੁਗਤਿਆ ਹੈ ਹਮੇਸ਼ਾਂ
ਤਾਨਾਸ਼ਾਹੀ ਦੇ ਪੱਖ ਵਿੱਚ
ਦਿੰਦਾ ਹੈ ਤਰਜ਼ੀਹ
ਝੁੱਕਦੇ ਪੱਲੜੇ ਨੂੰ
ਸਾਡਾ ਘੜਿਆਂ, ਸੋਚਿਆ
ਸਭ ਵਿੱਚ ਵਸਦਾ
ਮੂਰਤੀਮਾਨ ਰੱਬ।

ਨਾ ਕਰ ਸਕਿਆ
ਆਪਦੀ ਕੀਰਤੀ ਰੂਪਮਾਨ
ਇਹ ਸਰਬਸ਼ਕਤੀਮਾਨ
ਕਦੇ ਵੀ ਉਨ੍ਹਾਂ (ਕਮਜ਼ੋਰਾਂ) ਦੇ ਦਿਲਾਂ ਵਿੱਚ।

15 ਜੂਨ, 2009.



## ਬਦਲਦੇ ਮੌਸਮ

ਜਰੂਰੀ ਨਹੀਂ ਬਦਲਦੇ ਮੌਸਮ ਹਰ ਇੱਕ ਨੂੰ ਹੀ ਪੋਹ ਜਾਣ
ਉੱਚੇ ਨੀਵੇਂ ਪਹਾੜਾਂ ਤੇ ਬਰਫਾਂ ਨਾਲ਼
ਕੱਜੀਆਂ ਚੋਟੀਆਂ ਬਣ ਸਕਦੀਆਂ ਹਨ
ਤਸਵੀਰਾਂ,
ਮਨਭਾਉਂਦੀਆਂ ਸੀਨਰੀਆਂ
ਮਹਿਲਾਂ ਦੀਆਂ ਕੰਧਾਂ ਦੀ ਸ਼ੋਭਾ।
ਮਾਤ ਪਾਉਣ ਲਈ ਬਰਫ਼ੀਲੀ ਰਾਤ ਨੂੰ
ਫ਼ਾਇਰ ਪਲੇਸ ਦੇ ਸਾਹਮਣੇ
ਰਜਾਈ'ਚ

ਮਹਿਬੂਬ ਦੀ ਬੁੱਕਲ ਦਾ ਨਿੱਘ
ਬਹੁਤ ਚੰਗਾ ਲੱਗਦਾ ਹੈ ਮੌਸਮ ਉਦੋਂ।

ਹੇਸਟਿੰਗਜ਼ ਤੇ ਚੀਥੜਿਆਂ 'ਚ
ਲਿਪਟਿਆ ਲਈ
ਸਟੋਰ ਦੀ ਬੱਘੀ ਹੀ ਬਣ ਜਾਂਦੀ ਹੈ
ਪੂਰਾ ਸੂਰਾ ਘਰ
ਜਿਊਣ ਲਈ, ਰਹਿਣ ਲਈ
ਸਿਆਲੂ ਰਾਤਾਂ ਨੂੰ ਠੰਢ ਤੋਂ ਬਚਣ ਲਈ
ਤੇ ਮਰ ਜਾਣ ਲਈ ਵੀ।
ਜ਼ਰੂਰੀ ਨਹੀਂ
ਬਦਲਦੇ ਮੌਸਮ
ਉਹਨਾਂ ਨੂੰ ਵੀ ਪੋਹ ਜਾਣ।
ਜ਼ਰੂਰੀ ਨਹੀਂ——
ਹਰ ਚੜ੍ਹਦਾ ਸੂਰਜ ਨਿੱਘ ਹੀ ਦੇਵੇ
ਉਸਦੀ ਕੋਸੀ ਧੁੱਪ ਮਹਿਕ ਹੀ ਦੇਵੇ
ਉਸਦੀਆਂ ਰਿਸ਼ਮਾਂ ਸੋਨੇ ਰੰਗੀਆਂ ਵੀ ਹੋ ਸਕਦੀਆਂ ਨੇ।
ਸੂਰਜ ਦੀ ਤਪਸ਼ ਲੂਹ ਵੀ ਸਕਦੀ ਹੈ
ਸਾੜ ਵੀ ਸਕਦੀ ਹੈ।
ਉਹਨਾਂ ਦੇ ਅਰਮਾਨਾਂ ਨੂੰ
ਜਿਨ੍ਹਾਂ ਨੇ ਮਾਰੂਥਲ
ਵਿੱਚ ਲਿਆ ਹੈ ਸੁਪਨਾ
ਡੂੰਘੇ ਪਾਣੀਆਂ ਦਾ।
ਮ੍ਰਿਗ ਤ੍ਰਿਸ਼ਨਾ ਦਾ ਭੁਲੇਖਾ
ਖਾ ਕੇ ਜੀਣਾ ਬਦਤਰ ਹੈ'
ਮਿਹਨਤਕਸ਼ਾਂ ਲਈ
ਜਿਨ੍ਹਾਂ ਨੂੰ ਮੌਸਮਾਂ ਨੇ ਵਰਗਲ਼ਾ ਕੇ
ਕੀਤਾ ਹੈ ਮਜਬੂਰ ਖੁਦਕਸ਼ੀ ਲਈ।



ਬੈਠ ਨਾ
ਮੌਸਮ ਬਦਲਣ ਦੀ ਉਡੀਕ ਤੱਕ
ਇਸ ਜ਼ਰਖੇਜ਼ ਧਰਤੀ ਨੂੰ
ਲੋੜ ਹੈ
ਨਵੀਂ ਪਿਊਂਦ ਦੀ
ਤਾਂ ਕਿ ਨਵੀਆਂ ਲਹਿਲਹਾਂਦੀਆਂ
ਟਹਿਣੀਆਂ ਫੁੱਟਣ
ਨਵੀਆਂ ਹਵਾਵਾਂ ਚੱਲਣ
ਜਿਨ੍ਹਾਂ ਦੀ ਰੁਮਕਦੀ ਹਵਾ
ਸਭਦੀ ਮਲ੍ਹਮ ਬਣ ਸਕੇ
ਸਹਿਲਾ ਸਕੇ
ਰਿਸਦੇ ਜਖ਼ਮਾਂ ਨੂੰ।

ਲੋੜ ਹੈ ਮੌਸਮ ਨੂੰ
ਆਪਣਾ ਹਾਣ(ਮੇਚ) ਦੇਣ ਦੀ
ਫਿਰ ਬਰਫ਼ਾਂ ਜਾਂ
ਸੂਰਜ ਦੀ ਤਪਸ਼
ਸਿਰਫ਼ ਤੈਨੂੰ ਹੀ ਨਾ ਕਰੇਗੀ ਮਾਰ।
ਮਹਿਲਾਂ, ਨਿੱਘੇ ਤੇ
ਏਅਰ ਕੰਡੀਸ਼ਨ ਘਰਾਂ 'ਤੇ ਵੀ
ਹੋਵੇਗਾ ਇਸ ਦਾ ਅਸਰ।
ਜਦੋਂ ਮੌਸਮ ਤੇਰਾ ਆਵੇਗਾ।
ਜਦੋਂ ਮੌਸਮ ਤੂੰ ਲਿਆਵੇਂਗਾ।
ਫਿਰ ਜ਼ਰੂਰ ਹੀ ਬਦਲਦੇ ਮੌਸਮ
ਸਭ ਨੂੰ ਪੋਹ ਜਾਣਗੇ।

27 ਨਵੰਬਰ, 2009.

## ਸਾਹਿਤਕਾਰ-2

ਐ ਸਾਹਿਤਕਾਰ,
ਤੇਰੀ ਦੇਣ ਲੋਕਾਂ ਵਿੱਚ ਹਾਜ਼ਰ ਹੈ
ਤੂੰ ਲਿਖੀ ਹੀਰ ਰਾਂਝੇ ਦੇ ਪਿਆਰ
ਦੀ ਸੂਖਮ ਲੜੀ
ਰਾਜੇ ਰਾਣੀਆਂ ਦੇ ਮਹੱਲਾਂ
ਦਾ ਸੁੰਦਰ ਦ੍ਰਿਸ਼
ਬਾਗ਼ਾਂ-ਬਹਾਰਾਂ ਵਿੱਚ ਸੋਹਣੇ
ਕੋਇਲਾਂ ਵਰਗੇ ਪੰਛੀਆਂ ਦਾ
ਸਨੇਹਮਈ ਗੀਤ।

ਬਸੰਤ ਦੀ ਰੁੱਤੇ
ਪੀਲੇ ਦੁਸ਼ਾਲੇ ਦੀ ਆਤਮ ਕਥਾ
ਮਹਿਬੂਬਾ ਦੇ ਟੁੱਟ ਚੁੱਕੇ
ਰਿਸ਼ਤੇ ਦੀ ਦਰਦ ਭਰੀ ਪੀੜ



ਬਰਫ਼ ਨਾਲ ਲੱਦੇ ਪਰਬਤਾਂ ਦੀ
ਹਿੱਕ ਦਾ ਸੇਕ।

ਧਰਤੀ ਦੀ ਸੌਂਦੀ ਮਹਿਕ
ਚਿੜੀਆਂ ਦੀ ਚੀਂ ਚੀਂ
ਟੱਲੀਆਂ ਦੀ ਖਣਕਾਰ
ਘੰਟਾ ਘਰ ਦਾ ਘੰਟਾਲ
ਮੱਸਿਆ ਦੀਆਂ ਸੁੰਨੀਆਂ
ਰਾਤਾਂ ਦੀ ਵੇਦਨਾ
ਚੰਨ ਚਾਨਣੀ ਦਾ ਸੰਵਾਦ
ਜਵਾਨ ਔਰਤ ਦੀ
ਲਗਰ ਜਿਹੀ ਜਵਾਨੀ
ਮੋਰਨੀ ਦੀ ਚਾਲ
ਸਰੂ ਵਰਗਾ ਕੱਦ
ਹੋਰ ਬਹੁਤ ਕੁੱਝ——

ਹੋਰ ਲਿਖ-
ਮਿੱਲਾਂ ’ਚ ਕੰਮ ਕਰਦੇ
ਮਜ਼ਦੂਰਾਂ ਦੇ ਮੁੜ੍ਹਕੇ ਬਾਰੇ
ਜਿਹੜੇ ਮਸ਼ੀਨਾਂ ਦੇ ਪੁਰਜਿਆਂ ਨਾਲ
ਪੁਰਜ਼ੇ ਬਣ ਕੇ ਹੋ ਜਾਂਦੇ ਨੇ
ਬੋਲ਼ੇ, ਅੰਨ੍ਹੇ ਤੇ ਲੂਲ੍ਹੇ ਬਾਰੇ ਲਿਖ।

ਹੋਰ ਲਿਖ-
ਜਵਾਨ ਕੁੜੀ ਜੋ ਕਰਦੀ ਹੈ
ਸਾਰਾ ਦਿਨ ਡਿਸ਼ ਵਾਸ਼ਿੰਗ
ਸ਼ਾਮ ਨੂੰ ਗਲੱਵਾਂ (ਪਲਾਸਟਿਕ ਦੇ ਦਸਤਾਨਿਆਂ) ਵਿਚੋਂ
ਤੱਕਦੀ ਹੈ ਬੁੱਢੇ ਤੇ

ਮੁਰਝਾਏ ਜਿਹੇ ਹੱਥ
ਕੋਸਦੀ ਹੈ ਕਿਸਮਤ
ਕਾਲਜ ਵਿੱਚ
ਸੁਆਹ ਕੀਤੇ ਸਾਲਾਂ ਨੂੰ
ਭੱਠ ਪਈਆਂ ਡਿਗਰੀਆਂ
ਬਾਰੇ ਲਿਖ।

ਹੋਰ ਲਿਖ-
ਖੇਤਾਂ'ਚ ਸੱਤਰ ਅੱਸੀ ਸਾਲਾਂ ਦੇ
ਬੇਰੀ ਤੋੜਦੇ ਬਜ਼ੁਰਗ
ਜਿਹੜੇ ਹਰ ਵਕਤ ਰੋਂਦੇ ਨੇ
ਆਪਣੇ ਪਿਛੋਕੜ ਨੂੰ
ਉਸ ਬਾਰੇ ਲਿਖ।

ਤੇ ਲਿਖ -
ਲ਼ਾਹਨਤ ਪਾ ਉਨ੍ਹਾਂ ਨੂੰ
ਜੋ ਕਹਿੰਦੇ ਨੇ——
'ਜੱਟ ਮੌਜਾਂ ਕਰਦਾ ਹੈ'
ਪੁੱਛ
ਖੇਤਾਂ ਵਿੱਚ ਮਿੱਟੀ ਨਾਲ ਮਿੱਟੀ
ਹੋਇਆ ਜਾਂ
ਮੰਡੀਆਂ 'ਚ ਰੁਲਦਾ ਜਾਂ
ਖੁਦਕਸ਼ੀਆਂ ਲਈ ਫ਼ਾਂਸੀ ਦੇ ਫੰਦੇ 'ਤੇ।

ਹੋਰ ਬਹੁਤ ਕੁਝ ਲਿਖ
ਤਾਂ ਕਿ
ਤੇਰੀ ਕਲਮ ਜਨਤਾ ਲਈ ਤਲਵਾਰ ਬਣ ਜਾਏ
ਲੱਚਰਤਾ ਦੇ ਖ਼ਾਤਮੇ ਦਾ ਸਮਾਨ ਬਣ ਜਾਏ
ਕਿਰਤੀ ਲੋਕਾਂ ਦੀ ਜ਼ੁਬਾਨ ਬਣ ਜਾਏ
ਇਹ ਕਲਮ ਤੇ ਸ਼ਬਦ ਮਹਾਨ ਬਣ ਜਾਏ।



## ਜਾਗਦੇ ਰਹੋ

ਚੋਰਾਂ ਦੀ ਆਹਟ ਸੁਣ
ਅੱਧੀ ਰਾਤੀਂ ਚੌਂਕੀਦਾਰ
ਦਿੰਦਾ ਹੈ ਹੋਕਾ
"ਜਾਗਦੇ ਰਹੋ ਬਈ ਜਾਗਦੇ ਰਹੋ"
ਅਸੀਂ ਘੇਸਲ ਵੱਟ ਕੇ
ਰਜਾਈ'ਚ ਲਿਪਟ
ਨਿੱਘ ਦਾ ਲੁਤਫ ਲੈਣ ਲਈ
ਹੋਰ ਗੂੜ੍ਹੀ ਨੀਂਦੇ ਸੌਂਦੇ ਹਾਂ।
ਅਸੀਂ ਸਮਝਦੇ ਹਾਂ
ਸਾਡੇ ਹੱਕਾਂ ਦੀ ਰਾਖੀ ਕਰਨਾ
ਸਾਡਾ ਨਹੀਂ
ਇਹ ਤਾਂ ਉਹਨਾਂ ਦਾ ਕੰਮ ਹੈ
ਜੋ ਜਾਗਦੇ ਹਨ।
ਅਸੀਂ ਅਵੇਸਲੇ ਹੀ
ਉਸ ਦਿਨ ਦੀ ਉਡੀਕ'ਚ ਹਾਂ
ਜਦੋਂ ਤੱਕ ਚੋਰ ਸਭ ਕੁਝ
ਲੁਟ ਪੁੱਟ ਨਹੀਂ ਲੈ ਜਾਂਦੇ
ਤੇ ਦੇ ਨਹੀਂ ਜਾਂਦੇ
ਗੁਲਾਮੀ ਦੀਆਂ ਬੇੜੀਆਂ।

27 ਫਰਬਰੀ, 2010.

## ਗਰੀਬੀ

ਔਰਤ ਤਾਂ ਜਨਮਜਾਤ
ਤੋਂ ਹੀ ਸੁਣੀ ਜਾਂਦੀ ਹੈ ਗਰੀਬ
ਕੰਮੀਆਂ ਦੇ ਵਿਹੜਿਆਂ ਵਿੱਚ
ਢਿੱਡ ਦੀ ਗਰੀਬੀ ਦੇ ਸਤਾਏ
ਦੇਖੇ ਸਨ ਕਮਜ਼ੋਰ।
ਪਰ ਕਦੇ ਸੋਚਿਆ ਨਹੀਂ ਸੀ
ਮਨ ਦੀ ਗਰੀਬੀ ਇਨਸਾਨ
ਨੂੰ ਘੁਣ ਬਣ ਜਾਂਦੀ ਹੈ ਖਾ
ਪਿੱਛੇ ਰਹਿ ਜਾਂਦਾ ਹੈ ਮਿੱਟੀ ਦਾ ਢੇਰ।
ਜਿੱਦਾਂ ਕਿਸੇ ਹਵਾ ਦੇ ਤੂਫ਼ਾਨ ਨੇ
ਸਾਰਾ ਕੁੱਝ ਸਮੇਟ ਕੇ
ਖੜ੍ਹਾ ਦਿੱਤਾ ਹੋਵੇ ਉੱਚਾ ਰੇਤ ਦਾ ਟਿੱਬਾ
ਉਸ ਟਿੱਬੇ ਵਿੱਚ
ਹੋ ਸਕਦੀਆਂ ਨੇ ਲਾਸ਼ਾਂ ਦਫ਼ਨ
ਤੇ ਜੀਅ ਨਹੀਂ ਸਕਦੀ ਕੋਈ
ਨਾਜ਼ਕ ਜਿਹੀ ਜਿੰਦ।
ਗਰੀਬੀ ਕਿਸੇ ਕਿਸਮ ਦੀ ਵੀ ਹੋਵੇ
ਇਹ ਤਾਂ ਲਾਹਨਤ ਹੈ————
ਸਮਾਜ 'ਤੇ
ਜਨਮਜਾਤ 'ਤੇ
ਇਨਸਾਨੀਅਤ 'ਤੇ ਵੀ।



## ਸ਼ਰਾਬ

ਕਹਿੰਦੇ ਨੇ ਇਹ ਇੱਕ ਸ਼ੁਗਲ ਹੈ,
ਇੱਕ ਨਾਂ ਹੈ ਮਸਤੀ ਦਾ।
ਇਹ ਦੁੱਖਾਂ ਦੀ ਦਾਰੂ ਹੈ,
ਸੋਮਾ ਹੈ ਖੁਸ਼ੀ ਦਾ।
ਪਰ ਨਹੀਂ ਮੇਰੀਆਂ ਨਜ਼ਰਾਂ ਵਿੱਚ,
ਇਸਦੇ ਅਰਥ ਹਨ ਕੁਝ ਹੋਰ।
ਇਨ੍ਹਾਂ ਬੇਤੁਕੇ ਪਰ ਅਨਮੋਲ
ਲਫ਼ਜ਼ਾਂ ਦੀ ਚਾਦਰ ਵਿੱਚ ਲਪੇਟ ਕੇ
ਲਕੋਇਆ ਜਾਂਦਾ ਹੈ ਇਸਦੀ ਅਸਲੀਅਤ ਨੂੰ।

ਜਿਨ੍ਹਾਂ ਨੇ ਸਿਰਫ਼ ਤੇ ਸਿਰਫ਼,
ਇਸਨੂੰ ਹੈ ਪੀਤਾ।
ਤੇ ਗਟਾਗਟ ਇਸਦੀ ਕੁੜੱਤਣ ਨੂੰ ,
ਲੰਘਾਇਆ ਹੈ ਅੰਦਰ ਹੀ,
ਖਘੂੰਰਾ ਮਾਰ ਕੇ,
ਵਡਿਆਉਣ ਦਾ ਸਵਾਦ ਲਿਆ ਹੋਵੇ ਆਪਣੇ ਆਪ ਨੂੰ।
ਦੇ ਕੇ ਵੱਟ ਮੁੱਛਾਂ ਨੂੰ
ਸਰੂਰ ਜਿਹਾ ਲਿਆ ਹੋਵੇ,
ਕਿਸੇ ਨੂੰ ਮਾਂ-ਭੈਣ ਦੀ ਗਾਲ਼ ਕੱਢਣ ਦਾ।

ਉਹ ਬੇਸ਼ੱਕ ਸਹਿਜੇ ਹੀ,
ਇਸਦੇ ਅਰਥ ਇਹ ਕੱਢ ਲੈਣ।
ਪਰ ਜਿਨ੍ਹਾਂ ਨੇ ਇਸਨੂੰ ਹੈ ਹੰਢਾਇਆ,
ਉਹ ਕਦੇ ਵੀ ਇਸਦੇ,
ਇਹ ਨਹੀਂ ਕੱਢਣਗੇ ਅਰਥ।
ਸਗੋਂ ਦੱਸਣਗੇ ਆਪਣੇ ਢਿੱਡ ਦਾ
ਦੁੱਖ ਤੇ ਕਹਿਣਗੇ।
ਚੰਦਰੀ ਇਹ ਦੁੱਖਾਂ ਦਾ ਦਾਰੂ ਨਹੀਂ,
ਇਹ ਦੁੱਖਾਂ ਦੀ ਹੈ ਪੰਡ।
ਇਹ ਸੁੱਖਾਂ ਦੀ ਸਾਥੀ ਨਹੀਂ,
ਸਗੋਂ ਇਹ ਹੈ ਅੱਧਖਿੜਿਆ ਫੁੱਲ।
ਜੋ ਸਾਰੀ ਜ਼ਿੰਦਗੀ ਕਦੇ ਖਿੜਨ ਦੀ ਤੱਕੇਗਾ ਰਾਹ।
ਜਿਨ੍ਹਾਂ ਇਸਨੂੰ ਰਾਤਾਂ ਜਾਗ ਜਾਗ ਕੇ,



ਇਸਦੇ ਸਹੇ ਹੋਣ ਦੁੱਖ।
ਤੇ ਕੀਤੇ ਹੋਣ ਲਫ਼ਜ਼ਾਂ ਨਾਲ ਤੇ
ਸੋਚਾਂ ਨਾਲ ਕਾਲੇ ਦਿਲ ਦੇ ਵਰਕੇ।
ਤੇ ਫ਼ਿਰ ਵੀ————

ਕਾਲੇ ਕੀਤੇ ਵਰਕਿਆਂ ਵਿੱਚੋਂ ਤੱਕਿਆ
ਕਿਸੇ ਆਸ ਦੀ ਕਿਰਨ ਦਾ ਮੂੰਹ।
ਉਹ ਤਾਂ ਇਸ ਨੂੰ ਆਪਣੀ
ਕਸਵੱਟੀ 'ਤੇ ਪਰਖਣਗੇ।
ਤੇ ਆਖਣਗੇ ਇਹ ਦੁੱਖਾਂ-ਸੁੱਖਾਂ ਦੀ ਸਾਥੀ ਨਹੀਂ।
ਇਹ ਤਾਂ ਕਈ ਮਿਲਵੇਂ ਜੁਲਵੇਂ
ਰਿਸ਼ਤਿਆਂ ਦੀ ਜ਼ਿੰਦਗੀ ਦਾ ਹੈ ਅੰਤ।
ਜਿਸਦੀ ਨ਼ਫਰਤ ਵਿੱਚੋਂ ਉੱਗਣਗੇ,
ਸਦਾ ਸਰਕੰਡਿਆਂ ਦੇ ਰੁੱਖ
ਜ਼ਖ਼ਮ ਦੇਣਗੇ ਮਨੁੱਖਤਾ ਨੂੰ
ਪਲ ਪਲ ਜੀਣ ਮਰਨ ਲਈ।
ਰਹਿ ਜਾਣਗੇ ਉਹ ਕੋਰੇ ਕਾਗ਼ਜ਼ ਦੀ ਤਰ੍ਹਾਂ
ਜਿਹੜੇ ਮਾਣ ਨਾ ਸਕੇ
ਅੱਖਰਾਂ ਤੇ ਸਿਆਹੀ ਦਾ ਆਨੰਦ
ਕੋਮਲ ਹੱਥਾਂ ਦੀ ਅਦਭੁੱਤ ਛੋਹ।
ਇਵੇਂ ਹੀ ਕੋਰੇ
ਭਰਭੂਰ ਤੇ ਸੁਖਾਵੀਂ ਜ਼ਿੰਦਗੀ ਤੋਂ।

## ਔਰਤ

ਉੱਠੋ ਵੇ ਕੋਈ ਉੱਠੋ ਲੋਕੋ,
ਮੇਰਾ ਦਰਦ ਵੰਡਾਵੋ ਕੋਈ।
ਮੈਂ ਮਮਤਾ ਦੀ ਮੂਰਤ ਲੋਕੋ,
ਮੈਂ ਜਨਤਾ ਦੀ ਲੋਈ।

ਮੈਂ ਹੀ ਧੀ, ਮੈਂ ਹੀ ਮਾਂ ਹਾਂ,
ਵੀਰੇ ਦੀ ਮੈਂ ਅੰਮਾਂ ਜਾਈ।
ਬਿਗਾਨੇ ਘਰ ਨੂੰ ਭਾਗ ਮੈਂ ਲਾਵਾਂ,
ਸੂਹੇ ਸੂਟ ਦੇ ਵਿੱਚ ਪਰਨਾਈ।



ਸਭ ਤੱਕਦੇ ਮੇਰੇ ਤੋਂ ਆਸਾਂ,
ਮੈਨੂੰ ਸਮਝ ਨਾ ਸਕਿਆ ਕੋਈ।
ਉੱਠੋ ਵੇ ਕੋਈ ਉੱਠੋ ਲੋਕੋ,
ਮੇਰਾ ਦਰਦ ਵੰਡਾਵੋ ਕੋਈ।
ਮੈਂ ਮਮਤਾ ਦੀ————।

ਗਿੱਲੇ ਗੋਹੇ ਧੁੱਖਦੀ ਰਹਿ ਗਈ,
ਕਿਸੇ ਸਾਰ ਨਾ ਪੁੱਛੀ ਮੇਰੀ।
ਖੁਦਗਰਜ਼ਾਂ ਦੀ ਦੁਨੀਆਂ ਨੇ,
ਪੈਰ ਪੈਰ ਤੇ ਅਸਮਤ ਲੁੱਟੀ ਮੇਰੀ।
ਪੁੜਾਂ ਵਿਚਾਲੇ ਪਿਸਦੀ ਜਾਵਾਂ,
ਮਿਲੀ ਅਜੇ ਨਾ ਢੋਈ।
ਉੱਠੋ ਵੇ ਕੋਈ ਉੱਠੋ ਲੋਕੋ,
ਮੇਰਾ ਦਰਦ ਵੰਡਾਵੋ ਕੋਈ।
ਮੈਂ ਮਮਤਾ ਦੀ —————।

ਤੋੜੋ ਇਹ ਰਸਮ ਰਿਵਾਜਾਂ,
ਜਿਨ੍ਹਾਂ ਮੈਨੂੰ ਥੱਲੇ ਲਾਇਆ।
ਮੇਰੀ ਕਿਰਤ ਕਮਾਈ ਦਾ,
ਜਿਨ੍ਹਾਂ ਜਰਾ ਮੁੱਲ ਨਾ ਪਾਇਆ।
ਹੱਕ ਤਾਂ ਖੋਹ ਕੇ ਲੈਣੇ ਪੈਣੇ,
ਦਾਨ ਕਰੇ ਨਾ ਕੋਈ।
ਉੱਠੋ ਵੇ ਕੋਈ ਉੱਠੋ ਲੋਕੋ,
ਮੇਰਾ ਦਰਦ ਵੰਡਾਵੋ ਕੋਈ।
ਮੈਂ ਮਮਤਾ ਦੀ ਮੂਰਤ ਲੋਕੋ,
ਮੈਂ ਜਨਤਾ ਦੀ ਲੋਈ।
ਉੱਠੋ ਵੇ ਕੋਈ————————।

## ਵਿਸ਼ਵਾਸ਼

ਉਹ ਕਸੂਰਵਾਰ ਕਹਿੰਦੇ ਨੇ ਮੈਨੂੰ
ਕਿਉਂਕਿ ਮੇਰੀ ਬੁੱਕਲ ਵਿੱਚ ਸੱਚ ਦਾ ਚਾਨਣ ਹੈ
ਮੈਂ ਹਨੇਰੇ ਅਹਿਮ ਨਹੀਂ ਸਮਝੇ
ਹਨੇਰਿਆਂ ਤੋਂ ਬਾਅਦ
ਚਾਨਣ ਦੀ ਕੀਤੀ ਹੈ ਉਡੀਕ।
ਉਹ ਭੰਡਦੇ ਹਨ
ਨਾਸਤਿਕ ਤੇ ਅਧਰਮੀ ਕਹਿ ਕੇ
ਕਿਉਂਕਿ ਮੈਂ ਮਾਨਵਤਾ ਨੂੰ
ਕਹਿ ਦਿੱਤਾ ਹੈ ਮੇਰਾ ਧਰਮ।



ਬੇਸ਼ੱਕ ਇਹ ਧਰਮ ਸਦੀਆਂ ਪੁਰਾਣਾ ਹੈ
ਫਿਰ ਵੀ ਉਹ ਤ੍ਰਭਕਦੇ ਨੇ
ਮੇਰੇ ਮੂੰਹੋਂ ਸੁਣਕੇ।
ਉਲਝੇ ਨੇ ਉਹ ਠੱਪੇ ਦੇ
ਧਰਮ ਦੀ ਸੰਕੀਰਣਤਾ ਵਿੱਚ।
ਉਹ ਉਸੇ ਵਿੱਚ ਜੰਮਦੇ, ਜਿਊਂਦੇ ਤੇ ਮਰਦੇ
ਪੜ੍ਹਨਾ ਨਹੀਂ ਚਾਹੁੰਦੇ
ਡਾਰਵਨ ਜਾਂ ਨਿਊਟਨ ਦਾ ਸਿਧਾਂਤ।

ਉਹ ਗਰੰਥਾਂ ਵਿੱਚ ਲਿਖੇ
ਮਿਥਿਹਾਸ ਦੇ ਪੰਨਿਆਂ ਨੂੰ
ਪਲਟ ਕੇ ਕਰਦੇ ਹਨ ਸਵਾਲ
ਮੈਂ ਵਿਗਿਆਨ ਦੇ ਯਥਾਰਥ ਦੀ
ਕਸਵੱਟੀ ਦੀ ਕੀਤੀ ਹੈ ਗੱਲ।

ਅੰਤਰ ਹੈ ਸਿਰਫ਼ ਵਿਸ਼ਵਾਸ਼ਾਂ ਦਾ
ਉਹ ਕਿਉਂ ਲਾਉਂਦੇ ਨੇ ਊਜਾਂ
ਮੇਰੇ ਵਿਅਕਤੀਤਵ 'ਤੇ
ਕਰਦੇ ਨੇ ਖੜ੍ਹਾ ਕਟਹਿਰੇ ਵਿੱਚ
ਕਸੂਰਵਾਰ ਦੀ ਤਰ੍ਹਾਂ।

ਕਿਉਂ ਨਹੀਂ ?
ਅੰਧਵਿਸ਼ਵਾਸ ਦੀ ਪੱਟੀ ਖੋਲ੍ਹ ਕੇ
ਕਰਦੇ ਯਥਾਰਥ ਦੀ ਗੱਲ
ਵਿਗਿਆਨ ਦੀ ਗੱਲ
ਚਾਨਣ ਦੀ ਗੱਲ।

## ਇੱਕ ਵਾਰ ਪੁੱਛੋ ਤਾਂ ਸਹੀ

ਉਹ ਕਹਿੰਦੇ ਨੇ ਮੈਨੂੰ
ਮੈਂ ਜਿਸਮ ਵੇਚਦੀ ਹਾਂ
ਭੱਜਦੇ ਨੇ ਮੇਰੇ ਕੋਲੋਂ
ਦੂਰ ਪਰ੍ਹੇ
ਦਿਨ ਦੇ ਵਿੱਚ।
ਹਨੇਰਿਆਂ ਵਿੱਚ
ਮਾਣਦੇ ਨੇ ਰੱਜ ਕੇ ਮੈਨੂੰ
ਉਹ ਡਰਦੇ ਨੇ ਇਸ
ਕੂੜ ਭਰੇ ਸਮਾਜ ਤੋਂ
ਜੋ ਮੈਨੂੰ ਗਲ਼ਿਆ ਸੇਬ ਕਹਿੰਦਾ ਹੈ
ਡਰਦੇ ਨੇ ਮੈਥੋਂ
ਪੈ ਨਾ ਜਾਵੇ
ਪਰਛਾਵਾਂ ਮੇਰਾ
ਉਹਨਾਂ ਦੀ ਧੀ, ਭੈਣ ਜਾਂ ਮਾਂ 'ਤੇ।

ਐ ਸਮਝਦਾਰੋ!
ਮੇਰੇ ਤੇ ਉਂਗਲ ਕਰਨ ਵਾਲ਼ਿਓ
ਕਦੇ ਜੀਅ ਕੇ ਵੇਖੋ
ਹੰਢਾ ਕੇ ਵੇਖੋ
ਮੇਰੀ ਜ਼ਿੰਦਗੀ
ਤੜਫ਼ ਕੇ ਰਹਿ ਜਾਉਗੇ
ਪਤਾ ਲੱਗ ਜਾਵੇਗਾ ਤੁਹਾਨੂੰ



ਮੈਂ ਇਕੱਲਾ ਜਿਸਮ ਨਹੀਂ
ਮੈਂ ਤਾਂ ਤਨ ਮਨ ਤੋਂ ਵੀ
ਪਹਿਲਾਂ ਮਜਬੂਰੀ ਵੇਚਦੀ ਹਾਂ।

ਬਦਨਾਮ ਕਰਦੇ ਹੋ ਮੈਨੂੰ
ਕਿ ਮੈਂ ਕਸੂਰਵਾਰ ਹਾਂ
ਮੈਂ ਜਿਸਮਫਿਰੋਸ਼ੀ ਕਰਦੀ ਹਾਂ
ਇਉਂ ਕਿਉਂ ਨਹੀਂ ਕਹਿੰਦੇ
ਕਿ ਮੈਂ ਚੌਂਹ ਛਿੱਲੜਾਂ ਦੇ ਬਦਲੇ
ਮਰਦਾਨਗੀ ਖਰੀਦਦੀ ਹਾਂ।
ਰਾਤ ਦੇ ਹਨੇਰਿਆਂ ਵਿੱਚ
ਉਹ ਬੇਝਿਜਕ
ਲਾਉਂਦੇ ਨੇ ਬੋਲੀ
ਮਰਦਾਨਗੀ ਦੀ।

ਮੇਰੀਆਂ ਬੁਰਾਈਆਂ
ਗਿਣਨ ਵਾਲ਼ਿਓ
ਸੱਚ ਕਦੇ ਵੀ ਸੌਖਿਆਂ
ਸੰਘੋ ਪਾਰ ਨਹੀਂ ਹੁੰਦਾ
ਬੁਰਾਈਆਂ ਨੂੰ ਮਿਠਿਆਈਆਂ
ਵਾਂਗ ਖਾਣ ਦਾ ਸਵਾਦ
ਜੋ ਪੈ ਚੁੱਕਿਆ ਹੈ।
ਸੋਚੋ
ਇੱਕ ਕਲੀ
ਪੱਥਰ ਕਿਉਂ ਬਣੇਗੀ?
ਉਹ ਕਿਉਂ ਨਹੀਂ ਖਿੜੇਗੀ?
ਠੰਢੀ ਠੰਢੀ ਹਵਾ ਤੇ
ਸੂਰਜ ਦਾ ਨਿੱਘ ਲੈਣ ਲਈ।

ਮੇਰੇ ਤੇ ਉਂਗਲ ਧਰਨ ਤੋਂ ਪਹਿਲਾਂ
ਉਨ੍ਹਾਂ 'ਤੇ ਉਂਗਲ ਧਰਨ ਦਾ ਹੀਆਂ ਕਰੋ
ਸਭ ਪਤਾ ਲੱਗ ਜਾਵੇਗਾ
ਕਿ ਮੁਜ਼ਰਮ ਕੌਣ ਹੈ?
ਕਿਸਨੇ ਮੈਨੂੰ ਪੈਦਾ ਕੀਤਾ ਹੈ?
ਕਿਸਨੇ ਮੇਰੀਆਂ ਅਦਾਵਾਂ 'ਤੇ
ਫੁੱਲ ਚੜ੍ਹਾਏ ਨੇ?
ਕਿਸਨੇ ਆਪਣੀ ਵਾਧੂ ਪੂੰਜੀ
ਖ਼ਰਚਣ ਲਈ
ਇਹ ਅੱਡੇ ਬਣਾਏ ਨੇ?
ਕਿਸਨੇ ਮਨੁੱਖਤਾ ਵਿੱਚ
ਅਮੀਰੀ ਗਰੀਬੀ ਦੇ
ਪਾੜੇ ਵਧਾਏ ਨੇ ?
ਜਿੱਥੇ ਮੇਰੇ ਵਰਗੀਆਂ
ਕੱਚੀਆਂ ਕਲੀਆਂ
ਅੱਧਵਾਟੇ ਹੀ ਵਿਕ ਸਕਣ
ਤੇ ਹਰ ਰੋਜ਼
ਮਰ ਮਰ ਕੇ ਜੀਅ ਸਕਣ।

ਕਦੇ ਪੁੱਛੋ ਤਾਂ ਸਹੀ
ਫਿਰ ਮੈਂ ਕਹਾਂਗੀ
ਤੁਸੀਂ ਮੇਰੇ ਹਿਤੈਸ਼ੀ ਹੋ
ਤੁਸੀਂ ਮੇਰੇ ਹਮਦਰਦ ਹੋ
ਸੱਚੀਂ ਚੰਗੇ ਸਮਾਜ ਦੀ
ਕਾਮਨਾ ਕਰਦੇ ਹੋ
ਇੱਕ ਵਾਰ ਪੁੱਛੋ ਤਾਂ ਸਹੀ
ਇੱਕ ਵਾਰ ਪੁੱਛੋ ਤਾਂ ਸਹੀ।



## ਪਿਆਰ ਦਾ ਜ਼ਜ਼ਬਾ

ਪ੍ਰੇਮੀਆਂ ਦੇ ਦਿਨ 'ਤੇ ਹੀ, ਨਾ ਕਰੀਏ ਪਿਆਰ ਦੀ ਗੱਲ।
ਅਮਨ-ਸ਼ਾਂਤੀ, ਮਿਲਵਰਤਣ, ਫਰਜ਼, ਕੁਲ ਸੰਸਾਰ ਦੀ ਗੱਲ।
ਜਾਤਾਂ-ਪਾਤਾਂ, ਊਚਾਂ-ਨੀਚਾਂ ਦਾ ਵੱਢੀਏ ਫਸਤਾ,
ਨਾ ਕਰੀਏ ਦੇਸ਼ਾਂ ਖਿੱਤਿਆਂ ਦੇ ਅਧਿਕਾਰ ਦੀ ਗੱਲ।
ਕਿਰਤੀ ਨੇ ਉਸਾਰੇ ਇਹ ਮਹਿਲ ਤੇ ਮਾੜੀਆਂ,
ਉਹ ਪ੍ਰੇਸ਼ਾਨ ਹੈ ਸੁਣ, ਸਾਡੇ ਥੋਡੇ ਤਕਰਾਰ ਦੀ ਗੱਲ।
ਤਰੱਕੀ ਹੀ ਤਰੱਕੀ ਦੇ ਵਾਰੇ ਨਿਆਰੇ ਸੁਣਦੇ ਹਾਂ,
ਪਰ ਨਹੀਂ ਸੁਣਦੇ ਤਾਂ, ਕਦੇ ਵੀ ਬੇਰੁਜ਼ਗਾਰ ਦੀ ਗੱਲ।
ਡੌਂਡੀ ਤਾਂ ਪਿੱਟਦੇ ਹਾਂ ਧਰਮਾਂ, ਕਦਰਾਂ ਕੀਮਤਾਂ ਦੀ,
ਪਰ ਹਰ ਭਾਅ ਵਿਕਦੀ ਹੈ, ਸਭਿਆਚਾਰ ਦੀ ਗੱਲ।
ਜ਼ਬਰ ਜ਼ੁਲਮ, ਫਿਰਕਾਪ੍ਰਸਤੀ, ਜੜ੍ਹਾਂ ਤੋਂ ਵੱਢ ਦੇਵੋ,
ਰੜਕਦਾ ਹੈ ਜਿਹੜਾ, ਰੱਖੋ ਨਾ ਅੱਧ ਵਿਚਕਾਰ ਦੀ ਗੱਲ।
ਪਿਆਰ ਤਾਂ ਮਨੁੱਖੀ ਜ਼ਜ਼ਬਾ ਹੈ, ਦੋ ਦਿਲਾਂ ਦੀ ਵੇਦਨਾ,
ਨਹੀਂ ਲੈਣ-ਦੇਣ, ਵਸਤਾਂ-ਵਟਾਂਦਰੇ, ਵਿਉਪਾਰ ਦੀ ਗੱਲ

## ਪਛਾਣ

ਧੁੰਦਲੀਆਂ ਯਾਦਾਂ ਵਿੱਚੋਂ
ਕਰਦਾ ਹਾਂ ਯਾਦ
ਆਪਣੇ ਸਕੂਲ ਦਾ ਪਹਿਲਾ ਦਿਨ
ਕਿੰਨਾ ਹੀ ਚਾਅ ਸੀ, ਮਾਂ ਦੇ ਦਿਲ ਵਿੱਚ
ਨਵੀਂ ਵਰਦੀ ਪਾ, ਮੀਂਢੀ ਗੁੰਦ ਕੇ
ਪਿੰਨੇ ਜਿੱਡਾ ਜੂੜਾ ਬਣਾ
ਉਸਨੇ ਮੇਰੇ ਵੱਲ ਹਸਰਤ ਨਾਲ ਵੇਖਿਆ।



ਰਸੋਈ ਨੂੰ ਭੱਜੀ
ਤਵੇ ਤੋਂ ਕਾਲਖ ਦਾ ਟਿੱਕਾ ਲੈ
ਮੇਰੇ ਕੰਨ ਦੇ ਪਿਛਵਾੜੇ ਲਾਇਆ,
"ਐਨੇ ਸੋਹਣੇ ਮੇਰੇ ਪੁੱਤ ਨੂੰ
ਕਿਸੇ ਦੀ ਨਜ਼ਰ ਨਾ ਲੱਗੇ"
ਫਿਰ ਚਾਟੀ ਚੋਂ ਦਹੀਂ ਕੱਢ
ਚੀਨੀ ਰਲ਼ਾ
ਮੇਰੇ ਨਾਂਹ ਨੁੱਕਰ ਕਰਨ 'ਤੇ ਬੋਲੀ,
"ਪੁੱਤ, ਦਹੀਂ ਖਾ ਕੇ ਜਾਣਾ ਚੰਗਾ ਹੁੰਦੈ,
ਸਾਰੇ ਕੰਮ ਠੀਕ ਹੋ ਜਾਂਦੇ ਨੇ"।

ਫਿਰ ਮਾਂ ਨੇ ਇਵੇਂ ਹੀ ਕਰਨਾ ਹਰ ਰੋਜ਼
ਕਦੇ ਉਸਨੇ ਸੱਤ ਲਾਲ ਮਿਰਚਾਂ
ਵਾਰ ਕੇ ਮੇਰੇ ਸਿਰ ਤੋਂ
ਮੇਰੀਆਂ ਸਾਰੀਆਂ ਬਲਾਵਾਂ
ਸਾੜ ਦੇਣੀਆਂ ਚੁੱਲ੍ਹੇ ਵਿੱਚ।

ਕਦੇ ਕਦੇ ਵਾਲਾਂ ਤੋਂ ਅੱਕੇ ਨੇ
ਗਰਮੀਆਂ ਵਿੱਚ ਕਰਨੀ ਗੱਲ
ਵਾਲ ਕੱਟਵਾਉਣ ਦੀ ਤਾਂ
ਉਸਨੇ ਗੁਰੂਆਂ ਦਾ ਵਾਸਤਾ ਪਾ
"ਪੁੱਤਰਾ, ਇਹੀ ਤਾਂ ਤੇਰੀ ਪਛਾਣ ਐ"।
ਮੈਂ ਭੋਲ਼ੀ ਮਾਂ ਦੇ ਜਜ਼ਬਾਤਾਂ ਅੱਗੇ
ਹੋ ਜਾਂਦਾ ਬੇਦਲੀਲ ਤੇ ਨਿਰਉੱਤਰ।

ਮੈਂ ਜਾਣਦਾ ਉਸਦਾ ਕਾਲਖ਼ ਦਾ ਟਿੱਕਾ
ਜਾਂ ਲਾਲ ਮਿਰਚਾਂ
ਭਰਮ ਹੈ ਉਸਦਾ
ਕੁਝ ਵੀ ਤਾਂ ਨਹੀਂ ਹੁੰਦੀ ਨਜ਼ਰ।
ਦਹੀਂ ਦਾ ਖਾਣਾ
ਠੀਕ ਹੈ ਸਿਹਤਯਾਫਤਾ ਹੋਣ ਲਈ
ਸਾਰਾ ਕੁੱਝ ਸ਼ੁਭ ਤਾਂ
ਸਿੱਟਾ ਹੈ ਮੇਰੀ ਮਿਹਨਤ ਦਾ
ਡਾਕਟਰ ਦੀ ਡਿਗਰੀ
ਸ਼ੁਭ-ਅਸ਼ੁਭ ਨਾਲ ਨਹੀਂ
ਮੇਰੇ ਮਾਂ-ਬਾਪ ਦੀ ਮਿਹਨਤ, ਹੱਲਾਸ਼ੇਰੀ
ਜਗਰਾਤਾ ਹੈ ਮੇਰੀਆਂ ਰਾਤਾਂ ਦਾ।

ਮਾਂ ਨੇ ਅੱਜ ਵੀ ਉਵੇਂ
ਲਾਇਆ ਹੈ ਟਿੱਕਾ ਤੇ
ਦਿੱਤਾ ਹੈ ਮਿੱਠਾ ਦਹੀਂ ਖਾਣ ਨੂੰ।
ਪਰ ਅੱਜ ਸ਼ੁਭ ਦੇ ਥਾਂ 'ਤੇ
ਗਿਆ ਹੈ ਹੋ ਅਸ਼ੁਭ।
ਮਾਂ ਦੀਆਂ ਹੁਲਾਸਮਈ ਅੱਖਾਂ ਵਿੱਚੋਂ
ਵਰ੍ਹ ਪਿਆ ਹੈ ਹੜ੍ਹ ਪ੍ਰਸ਼ਨਾਂ ਦਾ
ਮੈਂ ਦੇਖਦਾ ਹਾਂ ਨਿਰਉੱਤਰ
ਡੁਬਡੁਬਾਈਆਂ ਨਜ਼ਰਾਂ ਨਾਲ
ਮਾਂ ਦੀ ਮਮਤਾ ।



ਕਿਵੇਂ ਦੱਸਾਂ?
ਇਸ ਬਹੁਸਭਿਆਚਾਰ ਦੇਸ਼ ਵਿੱਚ
ਤੇਰੀ ਦਿੱਤੀ ਪਛਾਣ ਮਾਂ
ਬਣ ਗਈ ਹੈ ਮੇਰੀ ਜ਼ਿੰਦਗੀ ਦੀ ਅੜਚਣ
ਮੇਰਾ ਰੰਗਦਾਰ ਹੋਣਾ
ਬਣ ਗਿਆ ਹੈ ਨਸਲਵਾਦ ਦਾ ਸਵਾਲ।

ਇਸ ਲੋਕਤੰਤਰ ਵਿੱਚ
ਜਿਸ ਦਾ ਢੰਡੋਰਾ ਪਿੱਟਦੀ ਹੈ ਦੁਨੀਆਂ
ਖਾਲ਼ੀ ਲਿਫ਼ਾਫ਼ੇ ਤੋਂ ਵੱਧ ਕੁਝ ਵੀ ਤਾਂ ਨਹੀਂ
ਜੋ ਸਿਰਫ ਅੱਖਾਂ ਨੂੰ ਚੁੰਧਿਆਉਂਣ ਲਈ
ਦਿਸਦਾ ਹੈ ਭਰਿਆ ਭਰਿਆ।
ਭਰਮਾਂ ਦੀ ਪਲਿੱਤਣ ਵਿੱਚ
ਮੁਰਝਾ ਗਿਆ ਹਾਂ ਮਾਂ ਮੈਂ।

ਮੇਰੇ ਨਾਲੋਂ ਵੀ ਰੀਝਾਂ ਨਾਲ
ਪਾਲ਼ਿਆ ਮੇਰਾ ਜੂੜਾ
ਬਣ ਗਿਆ ਹੈ ਮੇਰੀ ਕਾਬਲੀਅਤ ਦਾ ਰੋੜਾ
ਮਾਂ ਤੇਰੇ ਕਾਲਖ਼ ਦੇ ਟਿੱਕਿਆਂ ਤੇ ਮਿਰਚਾਂ ਨੇ
ਨਸਲਾਂ ਤੇ ਰੰਗਾਂ ਦੀਆਂ ਬਲਾਵਾਂ ਨੂੰ
ਭਜਾਉਣ ਲਈ ਕੀਤਾ ਨਹੀਂ ਕੋਈ ਅਸਰ।
ਭਾਰੂ ਬਣ ਗਈਆਂ ਨੇ ਇਹ
ਮਨੁੱਖਤਾ ਦੀ ਬਰਾਬਰਤਾ 'ਤੇ।
ਮਾਂ ਮੈਂ ਕਸ਼ਮਕਸ਼ ਵਿੱਚ ਹਾਂ
ਤੇਰੀ ਦਿੱਤੀ ਪਛਾਣ ਨੂੰ
ਕਤਲ ਕਰ ਅੱਗੇ ਵਧਾਂ ਜਾਂ
ਮੁੱਢੋਂ ਸੁੱਢੋਂ ਫਿਰ ਸੰਘਰਸ਼ ਵਿੱਚ ਕੁੱਦਾਂ।

## ਧਰਮੀ

ਉਹ ਕਹਿੰਦੇ ਨੇ ਸਾਨੂੰ,
ਗੂੰਗੇ, ਅੰਨ੍ਹੇ ਤੇ ਬੋਲ਼ੇ ਹੋ ਜਾਓ।
ਏਥੇ ਭਾਵੇਂ ਦੋਜ਼ਖ ਕੱਟ ਲਓ,
'ਗਾਂਹ ਦੀ ਜੂਨ ਨੂੰ ਸਫ਼ਲਾ ਬਣਾਓ।

ਪੂਜਾ ਪਾਠ ਕਰਕੇ ਦਿਨ ਰਾਤ,
ਰੱਬ ਤੋਂ ਭਾਣਾ ਮੰਨਣ ਦਾ ਬਲ ਬਖਸ਼ਾਓ।
ਗ਼ਰੀਬੀ, ਭੁੱਖ-ਮਰੀ,
ਲੁਕਾਈ ਦੀ ਕਰੋ ਨਾ ਗੱਲ,
ਬੱਸ ਹਰ ਵਕਤ ਮੌਲਾਣਿਆਂ ਦੇ ਗੁਣ ਗਾਓ।

ਤੋੜ ਕੇ ਇਹ ਬੁੱਢੀਆਂ ਰਵਾਇਤਾਂ,
ਕਿਤੇ ਲੰਘ ਨਾ ਆਉਣ



ਝੀਥਾਂ ਵਿੱਚੋਂ ਤਾਜ਼ੀਓ ਹਵਾਓ।
ਚੀਰ ਨਾ ਦੇਵੇ ਕੋਈ ਕਾਲਖ਼ ਦੇ ਹਨੇਰੇ,
ਉਨ੍ਹਾਂ ਦੀ ਚੇਤਨਾ ਨੂੰ
ਧਰਮ ਦਾ ਬੁਰਕਾ ਪਹਿਨਾਓ।

ਧਰਮਾਂ ਦੀ ਚਾੜ੍ਹ ਕੇ ਪੁੱਠ,
ਗਾਂਵਾਂ, ਸੂਰਾਂ ਦੇ ਨਾਂ 'ਤੇ
ਆਪਸ ਵਿੱਚ ਮਰਵਾਓ।
ਆਪ ਚਿੱਟੇ ਕੱਪੜੇ,
ਸ਼ਾਹੀ ਖਾਣੇ ਖਾ ਕੇ,
ਉਨ੍ਹਾਂ ਦੀ ਅੱਧੀ ਚੋਂ ਵੀ ਦਸਵੰਧ ਰੱਖਵਾਓ।

ਜੇਬਾਂ ਖਾਲੀ ਕਰਵਾ ਕੇ,
ਮੱਥੇ ਟਿਕਵਾ ਕੇ,
ਭਲਾਈ ਦੇ ਪਹਿਰੇਦਾਰ ਅਖਵਾਓ।
ਅਗਰ ਝਾਕਿਆ ਨਾ ਅਸੀਂ ਆਪਣੇ ਹੀ ਅੰਦਰ,
ਉਦੋਂ ਤੱਕ ਉਨ੍ਹਾਂ ਦੀ
ਖੁੱਲ਼ ਨੂੰ ਪੱਠੇ ਹੀ ਪਾਓ।

ਜੇ ਅੱਖਾਂ ਖੋਲ੍ਹ ਕੇ ਪ੍ਰਸ਼ਨ ਕੀਤਾ ਕਿਸੇ ਨੇ,
ਡਰਾਵਾ ਕਰਮਾਂ ਦੀ ਮਾਰ ਦਾ ਦੇ ਕੇ ਡਰਾਓ।
ਸੋਚਣਾ ਤਾਂ ਪੈਣਾ ਹੈ ਤਰਕ ਦੇ ਨਾਲ,
ਵਕਤ ਹੈ ਆਰਾਂ ਲਾ ਲਾ,
ਆਪਣੀ ਚੇਤਨਾ ਨੂੰ ਜਗਾਓ।
ਕਿਤੇ ਖੁੰਝ ਨਾ ਜਾਵੋਂ, ਸਮੇਂ ਦੇ ਹੱਥੋਂ
ਫਿਰ ਤਾਂ ਸਿਰਫ਼
ਪਛਤਾਵਾ ਹੀ ਹੱਥ ਆਊ।

## ਅੰਤਹਕਰਣ

ਅੰਤਹਕਰਣ ਦੀ
ਹੱਦ ਆਣ ਪਹੁੰਚੀ ਹੈ,
ਉਹ ਸੋਚਾਂ, ਉਹ ਸੁਪਨੇ,
ਬੁਲੰਦ ਹੌਂਸਲੇ, ਤਕਰੀਰਾਂ
ਖੁਆਬ ਸਨ ਜ਼ਿੰਦਗੀ ਦਾ
ਨਹੀਂ ਪਤਾ ਹੁੰਦਾ
ਅਣਜਾਣੇ ਹੀ ਜ਼ਿੰਦਗੀ'ਚ
ਤਕਦੀਰਾਂ ਦੇ ਫ਼ੈਸਲੇ
ਕਿਸ ਰੁੱਖ ਹਨ ਮੁੜਦੇ
ਤਕਦੀਰ
ਖੜ੍ਹਾ ਕਰਦੀ ਹੈ
ਕਿਸ ਰਾਹ ਤੇ



ਕਿਸ ਮੋੜ ਤੇ
ਜਿੱਥੇ ਔਖਾ ਹੀ ਨਹੀਂ
ਸੋਚਣਾ ਤੇ ਸਮਝਣਾ
ਹੈ ਅੱਤ ਮੁਸ਼ਕਲ ਵੀ।

ਇਹ ਮੁਸ਼ਕਲਾਂ ਹੀ ਨਾਂ ਹਨ
ਜ਼ਿੰਦਗੀ ਦਾ ਬੇਸ਼ੱਕ
ਪਰ ਇਹ ਰੀਂਗਦੀ
ਭੁੱਖਣਭਾਣੀ, ਤੜਫਦੀ ਜ਼ਿੰਦਗੀ
ਜ਼ਿੰਦਗੀ ਦਾ ਨਾਂ ਨਹੀਂ ਹੋ ਸਕਦਾ।
ਇਹ ਚੁਪ-ਚਾਪ ਸਹਿਜ-ਸੁਭਾਅ ਦੀ
ਮੌਤ ਨਾਲੋਂ ਵੀ ਬਦਤਰ ਹੈ।
ਫ਼ੈਸਲੇ ਦੀ ਘੜੀ ਆਣ ਪਹੁੰਚੀ ਹੈ
ਨਿਰਣਾ ਤਾਂ ਲੈਣਾ ਪੈਣੇ
ਸੰਘਰਸ਼ਾਂ ਨਾਲ
ਵਿਆਹੁਣੀ ਹੈ ਸੂਹੀ ਮੌਤ।
ਲੋੜ ਹੈ ਉੱਠਣ ਤੇ ਜੂਝਣ ਦੀ
ਉਗਦੇ ਸੂਰਜ ਦੀ ਲਾਲੀ ਦਾ
ਨਿੱਘ ਮਾਨਣ ਦੀ
ਤਾਂ ਕਿ ਚੜ੍ਹਦੇ ਸੂਰਜ ਦੀਆਂ ਕਿਰਨਾਂ
ਮਾਣ ਸਕਣ ਇਨਕਲਾਬ ਦਾ
ਭੱਖਦਾ ਸੇਕ।

ਜਾਂ
ਮੂਕ ਦਰਸ਼ਕ ਬਣ
ਸੁਪਨਿਆਂ ਤੋਂ ਖਾਣੀ ਹੈ ਭਾਂਜ
ਸਿਰਜੇ ਸਨ
ਜੋ ਭਵਿੱਖ ਲਈ
ਸਮਾਜ ਲਈ
ਹਰ ਇੱਕ ਦੀ ਬਿਹਤਰੀ ਲਈ।

## ਚਿਰਾਗ

ਮਟੀਆਂ ਤੇ ਸ਼ਹੀਦਾਂ ਲਈ
ਚਿਰਾਗ ਜਗਾਉਣ ਵਾਲਿਓ
ਸ਼ਹੀਦਾਂ ਨੂੰ ਚਿਰਾਗਾਂ ਦੀ ਨਹੀਂ
ਲੋੜ ਹੈ ਉਹਨਾਂ ਨੂੰ ਯਾਦ ਰੱਖਣ ਦੀ
ਉਹਨਾਂ ਦਾ ਫ਼ਲਸਫ਼ਾ ਵਿਚਾਰਨ ਦੀ
ਇਤਿਹਾਸ ਨੂੰ ਘੋਖਣ ਪਰਖਣ ਦੀ
ਸੱਚ ਨੂੰ ਪੁਨ ਛਾਣਨ ਦੀ
ਉਹਨਾਂ ਨੂੰ ਦਿਲੋਂ ਸਤਿਕਾਰਨ ਦੀ।

ਰੋਸ਼ਨੀਆਂ ਦੀ ਲੋੜ ਤਾਂ ਤੁਹਾਨੂੰ ਹੈ
ਜਿਹੜੇ ਪੂਜਦੇ ਹੋ
ਚੌਂਹ ਇੱਟਾਂ ਦੀ ਢੇਰੀ ਨੂੰ
ਸੁਣ ਸੁਣਾ ਕੇ ਇੱਕ ਦੂਜੇ ਤੋਂ
ਆਪਣੀ ਭੁੱਲ ਸਮਝ



ਦੋਸ਼ੀ ਠਹਿਰਾਉਂਦੇ ਹੋ ਉਨ੍ਹਾਂ ਨੂੰ
ਕਿ ਕਾਰਨ ਬਣਦੇ ਹਨ ਤੁਹਾਡੀ
ਮੱਝ ਦੇ ਚੱਡਿਆਂ 'ਚ ਬਹਿ
ਹਟਾਉਂਦੇ ਹਨ ਦੁੱਧ ਦੇਣੋ ਜਾਂ
ਤੁਹਾਡੀ ਬਿਮਾਰੀ, ਗਰੀਬੀ, ਕਲੇਸ਼ ਤੇ
ਮਾੜੇ ਹਾਲਾਤ ਦਾ।

ਕਿਉਂ ਨਹੀਂ ਮਾਰਦੇ
ਝਾਤ ਆਪਣੇ ਹੀ ਅੰਦਰ
ਕਰਦੇ ਸਵੈਪੜਚੋਲ
ਕਰਦੇ ਨਹੀਂ ਉੱਦਮ
ਦਿਮਾਗਾਂ ਤੇ ਪਈ ਕਾਲਖ਼ ਨੂੰ ਕੁਰੇਦਣ ਦਾ
ਅਪਣਾਉਂਦੇ ਨਹੀਂ ਵਿਗਿਆਨਕ ਸੋਚ।

ਜੋ ਰੌਸ਼ਨ ਦਿਮਾਗ
ਹੋ ਗਏ ਕੁਰਬਾਨ
ਮਰ ਖੱਪ ਗਏ ਤੁਹਾਡੇ ਲਈ
ਤੁਹਾਡੇ ਹੀ ਹਿਤਾਂ ਲਈ
ਤੁਹਾਡੇ ਸੁਨਹਿਰੇ ਭਵਿੱਖ ਲਈ
ਉਹ ਕਿਉਂ ਕਰਨਗੇ ਪ੍ਰੇਸ਼ਾਨ
ਆਪਣੇ ਹੀ ਲੋਕਾਂ ਨੂੰ?

ਜਭੂਕਦੇ ਤਾਂ ਤੁਸੀਂ ਫਿਰਦੇ ਹੋ
ਦਿਨ ਰਾਤ
ਉਹਨਾਂ ਦੀ ਗਤੀ ਦੇ ਚੱਕਰਾਂ ਵਿੱਚ
ਜੋ ਜੁਗਾਂ ਪਹਿਲਾਂ ਸਮਾ ਗਏ
ਬੇਫ਼ਿਕਰ
ਧਰਤੀ ਦੀ ਗੋਦ ਵਿੱਚ।

## ਪੱਚੀ ਸਾਲਾਂ ਬਾਅਦ
(1984 ਦੇ ਕਤਲੇਆਮ ਨੂੰ ਸਮਰਪਿਤ)

ਮਾਂਵਾ ਦੀਆਂ ਅੱਖਾਂ ਚੋਂ
ਵਗਦੀਆਂ ਘਰਾਲਾਂ ਅਜੇ ਵੀ
ਜਿਉਂ ਦੀਆਂ ਤਿਉਂ ਹਨ,
ਦਰਦਮੰਦਾਂ ਦੀ ਜ਼ਖ਼ਮੀ ਪੀੜ
ਅਜੇ ਵੀ ਕੰਨਾਂ ਵਿੱਚ ਗੂੰਜਦੀ ਹੈ
ਅਜੇ ਵੀ ਬੱਚੇ ਸਿਰ ’ਤੇ ਬੰਨ੍ਹੀ ਪੱਗ ਦੇ
ਅਰਥਾਂ ਵਿੱਚ ਗੁੰਮ-ਸੁੰਮ ਹਨ,
ਇਸ ਅੰਨ੍ਹੇ ਹਨ੍ਹੇਰੇ ਜੰਗਲ ਵਿੱਚ
ਡੌਰ ਭੌਰ ਤੱਕਦੀਆਂ ਅੱਖਾਂ
ਕਦੋਂ ਦੀਆਂ ਪੱਥਰਾ ਗਈਆਂ ਹਨ।
ਅਜੇ ਵੀ ਬਜ਼ੁਰਗ ਮੌਤ ਦੀ ਬੈਸਾਖੀ ਫੜ
ਅਸਮਾਨ ਵੱਲ ਦੇਖ ਕੇ
ਰੱਬ ਤੋਂ ਹੀ ਦਇਆ ਦੀ ਭੀਖ ਮੰਗਦੇ ਹਨ।

ਭੱਜ ਕੇ ਬਚਣ ਵਾਲੇ ਜਵਾਨ
ਹੁਣ ਹੋ ਗਏ ਬੁੱਢੇ
ਅਜੇ ਵੀ ਸੁਪਨਿਆਂ ਵਿੱਚ
ਠੇਢੇ ਖਾ ਖਾ ਮੂੰਹ ਪਰਨੇ ਡਿੱਗਦੇ ਹਨ,
ਦੁੱਧ ਚੁੰਘਦੇ ਬੱਚੇ
ਅੱਜ ਜਵਾਨੀ ਵਿੱਚ ਵੀ
ਮਾਂਵਾਂ ਦੀਆਂ ਲੋਰੀਆਂ ਨੂੰ ਤੜਫਦੇ ਹਨ,
ਜਵਾਨ ਧੀਆਂ ਦੀਆਂ ਲੁੱਟੀਆਂ ਪੁੱਟੀਆਂ ਸੱਧਰਾਂ



ਆਪਣੇ ਉਜੜੇ ਭਵਿੱਖ ਦੀ
ਮੂੰਹ ਜੋੜ ਜੋੜ ਕੇ ਗੁਰਬਤ ਦੱਸਦੀਆਂ ਨੇ
ਪੰਡਾਂ ਦੀਆਂ ਪੰਡਾਂ ਉਹਨਾਂ ਦੇ ਸ਼ਿਕਵੇ
ਅਜੇ ਵੀ ਰੱਦੀ ਹੋ ਚੁੱਕੀਆਂ
ਫ਼ਾਇਲਾਂ ਵਿੱਚ ਰੁਲਦੇ ਹਨ,
ਚੌਥਾਈ ਸਦੀ ਬੀਤਣ ਬਾਅਦ
ਉਨ੍ਹਾਂ ਦੇ ਰਿਸਦੇ ਜ਼ਖ਼ਮ
ਅੱਲੇ ਦੇ ਅੱਲੇ ਹਨ।

ਸ਼ੈਤਾਨ ਫ਼ਿਰਦਾ ਰਿਹਾ, ਰੰਭਦਾ ਰਿਹਾ
ਚਿੰਘਾੜਦਾ ਰਿਹਾ, ਦਨਦਨਾਉਂਦਾ ਰਿਹਾ।
ਮੁਲਜ਼ਮ ਰੋਂਦੇ ਰਹੇ,
ਵੈਣ ਪਾ ਪਾ ਕਲਪਦੇ ਰਹੇ
ਧਾਹਾਂ ਮਾਰਦੇ ਰਹੇ
ਅਖੌਤੀ ਲੋਕ ਰਾਜ ਦੀ ਨਿਆਂ ਪ੍ਰਣਾਲੀ ਅੱਗੇ।

ਲੋਕਤੰਤਰ ਦੀ ਨਿਆਂ ਪ੍ਰਣਾਲੀ
25 ਸਾਲਾਂ ਬਾਅਦ ਉੱਠੀ
ਕੁੰਭਕਰਣ ਦੀ ਨੀਂਦੋਂ
ਬੁੱਢੀਆਂ ਝੁਰੜੀਆਂ ਮੁਸਕਰਾਈਆਂ,
ਜਵਾਨ ਚਿਹਰਿਆਂ ਦਾ ਨੂਰ ਚਮਕਿਆ
ਬੱਚੇ ਉਤਸੁਕ ਹੋ ਉੱਠੇ
ਢੱਠੇ ਘਰ ਦੇ ਮਲਬੇ ਚੋਂ
ਬਚੀ ਖੁਚੀ ਆਸ
ਬਾਰੀ ਦਾ ਝੌਲ਼ਾ ਪਿਆ
25 ਸਾਲਾਂ ਬਾਅਦ
ਰੂੜੀ ਦੀ ਵੀ ਸੁਣੀ ਗਈ ਦਾ ਨਾਹਰਾ ਵੱਜਿਆ।

ਉਹਨਾਂ ਦੀ ਖੁਸ਼ੀ ਤੇ
ਬਹਾਰ ਆਉਣ ਤੋਂ ਪਹਿਲਾਂ

ਖੱਖਰਾਂ'ਚ ਪਲ਼ਦਾ ਭੂੰਮਣਾ
ਮਿੰਟੀਂ ਅਲੋਪ ਹੋ ਗਿਆ
ਸੂਹ ਤੱਕ ਨਾ ਲੱਗੀ।
ਨਿਮਾਣੀ ਵਾੜ ਕਸੂਰਵਾਰ ਹੋ ਨਿਬੜੀ
ਕਿ ਰਖਵਾਲਾ ਮਾੜਾ ਸੀ
ਨੌਕਰੀ ਤੋਂ ਲਾਹ
ਅੱਗ ਵਿੱਚ ਜਲਣ ਲਈ ਵਾੜ ਵਾਗੂੰ
ਜੇਲ੍ਹ 'ਚ ਜਾ ਸੁੱਟਿਆ।

ਫਿਰ ਇੱਕ ਦਿਨ
ਸ਼ੈਤਾਨ ਚੂਹੇ ਦੀ ਖੁੱਡ 'ਚੋਂ ਬਾਹਰ ਆਇਆ
ਪੇਸ਼ ਹੋਇਆ
ਬੇਲ਼ ਤੇ ਬਰੀ ਹੋ ਕੇ ਕੈਮਰਿਆਂ
ਮੂਹਰੇ ਕਨੂੰਨ ਦੀ
ਖਿੱਲੀ ਉਡਾਉਂਦਾ
ਖੂਬ ਜੰਗਲੀ ਹਾਸਾ ਹੱਸਿਆ।

ਲੋਕਤੰਤਰ ਸ਼ਰਮਸ਼ਾਰ ਹੋਇਆ
ਇਤਿਹਾਸ ਵੈਣ ਪਾ ਪਾ ਮੁੜ ਰੋਇਆ
ਜਮਹੂਰੀਅਤ ਪਸੰਦ ਲੋਕ ਹੱਕੇ ਬੱਕੇ ਰਹਿ ਗਏ
ਕਤਲੇਆਮ ਦੀ ਭੇਂਟ ਚੜ੍ਹਿਆਂ ਦਾ ਹਿਰਦਾ
ਮੁੜ ਤੋਂ ਫਿਰ ਵਲੂੰਧਰਿਆ ਗਿਆ
ਲੋਕਾਂ ਦੀ ਅਵਾਜ਼ ਫਿਰ ਤੋਂ ਇੱਕ ਵਾਰ
ਪੂੰਜੀਵਾਦ ਦੇ ਪੈਰਾਂ ਵਿੱਚ ਲਤਾੜੀ ਗਈ।
ਅਜੇ ਵੀ ਗਵਾਹਾਂ ਦੇ ਮੁੱਲ ਪੈਣਗੇ
ਨਿਆਂ ਅਨਿਆਂ ਦੀ ਝੋਲ਼ੀ ਡਿੱਗੇਗਾ
ਅਨਿਆਂ ਫਿਰ ਬਾਘੀਆਂ ਪਾ ਪਾ ਨੱਚੇਗਾ
ਸ਼ੈਤਾਨ ਉਵੇਂ ਹੀ ਹੱਸੇਗਾ
ਕਿਉਂਕਿ ਅਜੇ ਅਸੀਂ ਸ਼ੈਤਾਨ ਨੂੰ
ਖੱਭੀ ਪਾਉਣ ਦੀ ਜਾਚ ਨਹੀਂ ਸਿੱਖੀ।



## ਸੂਰਜ ਤੇ ਪਤੰਗਾ

ਜਦੋਂ ਉਹ ਸੂਰਜ ਦੀ ਗਰਮੀ ਦੇਖ
ਮੂੰਹੋਂ ਉਗਲ਼ਦਾ ਹੈ ਅੱਗ
ਸੂਰਜ ਹੈਰਾਨ ਹੁੰਦਾ ਹੈ
ਕਿ ਅੱਗ ਤਾਂ ਮੈਂ ਹਾਂ
ਭਲਾ ਇਹਨੂੰ ਕੀ ਹੋਇਆ ?

ਸੂਰਜ ਅਡੋਲ, ਸਥਿਰ, ਨਿਡਰ
ਅਵਸਥਾ'ਚ ਚੁੱਪ ਹੈ।

ਉਹ ਉਸਦੀ ਚੁੱਪੀ ਤੱਕ
ਉਸਦੇ ਅਗਲੇ ਪਿਛਲੇ ਉਦੇੜ੍ਹਦਾ
ਮੰਦਾ ਚੰਗਾ ਬੋਲਦਾ
ਹੋ ਉਠਦਾ ਹੈ ਅੱਗ ਬਬੂਲਾ
ਆਪਣੇ ਹੀ ਕੱਪੜਿਆਂ ਤੋਂ ਬਾਹਰ
ਧਰਤੀ 'ਤੇ ਰੀਂਗਣ ਵਾਲ਼ੇ
ਕੀੜੇ ਵਾਂਗ
ਲੱਗੇ ਨਵੇਂ ਖੰਭਾਂ'ਚ ਫੜਫੜਾਉਂਦਾ
ਸੂਰਜ ਦੇ ਵਿੱਚ ਵੱਜ ਵੱਜ
ਕਰਨਾ ਚਾਹੁੰਦਾ ਹੈ ਉਸਨੂੰ ਲਹੂ ਲੁਹਾਣ।

ਸੂਰਜ ਦਾ ਤਪ ਠੰਢਾ ਨਹੀਂ
ਪੈ ਸਕਦਾ ਹੈ ਮੱਠਾ

ਹਨੇਰੀਆਂ ਜਾਂ
ਬੱਦਲਾਂ ਦੀ ਆਮਦ ਨਾਲ਼।

ਸੂਰਜ ਦੀ ਤਪਸ਼
ਰੂਪ ਧਾਰਦੀ ਹੈ ਲਾਲੀ ਦਾ ਜਦੋਂ
ਕਰਦੀ ਹੈ ਪ੍ਰਚੰਡ ਉਦੋਂ
ਅਗਨੀ ਲੋਹੇ ਨੂੰ
ਇਵੇਂ ਹੀ ਅਗਨੀ ’ਤੇ ਸੱਟਾਂ ਖਾ ਖਾ
ਉਹ ਅਜਿਹੇ ਢਾਂਚੇ ਵਿੱਚ ਢਲਦਾ
ਬਣ ਜਾਂਦਾ ਹੈ ਅਜਿਹਾ
ਹਥਿਆਰ ਰੂਪੀ ਮਨੁੱਖ
ਮਨੁੱਖਤਾ ਦੇ ਅੰਗ ਸੰਗ
ਜੋ ਹੈ ਜੀਂਦਾ, ਮਰਦਾ ਤੇ ਵਿਚਰਦਾ।

ਸੂਰਜ ਮੁਸਕਰਾਉਂਦਾ ਹੈ
ਅਪਣੀ ਚੜ੍ਹਤ ਵਿੱਚ
ਉਸਦੇ ਖੰਭ ਮਾਰ ਮਾਰ ਟੱਕਰਾਂ
ਟੁੱਟ ਜਾਂਦੇ ਹਨ
ਘਾਇਲ ਹੋ ਡਿੱਗਦਾ ਹੈ
ਮੂਧੇ ਮੂੰਹ।
ਸੂਰਜ ਉਸ ਵੱਲ ਦੇਖ
ਚਮਕ ਰਿਹਾ ਹੈ ਆਪਣੇ ਰੌਂ ਵਿੱਚ
ਕਰ ਰਿਹਾ ਹੈ
ਝੁਕ ਝੁਕ ਸਲਾਮ ਮਨੁੱਖਤਾ ਨੂੰ
ਅਤੇ ਸੱਚ ਨੂੰ।

22 ਅਪਰੈਲ, 2010.



### ਹਿੰਦਸੇ

ਮਿਲਗੋਭਾ ਜਿਹਾ
ਕੁਝ ਟਾਂਕ, ਕੁਝ ਜਿਸਤ ਹਿੰਦਸੇ
ਰੇਲ ਦੇ ਡੱਬਿਆਂ ਵਾਂਗ ਅੱਗੜ-ਪਿੱਛੜ
ਚੇਨ ਦੇ ਕੁੰਡਲਾਂ ਵਾਂਗ
ਇੱਕ ਦੂਜੇ ’ਚ ਉਲਝੇ-ਸਮਾਏ
ਗਲ਼-ਮਾਲ਼ਾ ਦੇ ਮੋਤੀਆਂ ਵਾਂਗ ਪਰੋਏ
ਇੱਕ ਦੂਜੇ ਦੇ ਪੂਰਕ ਹਿੰਦਸੇ।

ਕੁਝ ਜਮ੍ਹਾਂ, ਕੁਝ ਮਨਫ਼ੀ ਹੁੰਦੇ
ਕੁਝ ਗੁਣਾਂ, ਕੁਝ ਵੰਡ ਹੁੰਦੇ
ਪਰ ਹਾਂ ਇੱਕ ਸ਼ਾਖ ਦੇ ਫੁੱਲ
ਤਾਹੀਂਏ ਸੁੰਦਰ ਗੁਲਦਸਤਾ ਬਣਦੇ
ਕੁਝ ਟਾਂਕ, ਕੁਝ ਜਿਸਤ ਹਿੰਦਸੇ।

ਅਸੀਂ ਹਿੰਦਸੇ ਹਰ ਵਕਤ
ਖੇਡਦੇ ਉਂਗਲਾਂ 'ਤੇ
ਸ਼ਾਹਾਂ ਦੀਆਂ ਵਹੀਆਂ 'ਤੇ
ਕੈਲਕੁਲੇਟਰਾਂ 'ਤੇ
ਕੁਰਸੀ 'ਤੇ, ਸਾਧਾਂ-ਸੰਤਾਂ ਦੇ
ਤਾਸ਼-ਪੱਤਿਆਂ 'ਤੇ
ਮਰ ਜਾਂਦੇ ਹਾਂ ਅਣਭੋਲ
ਬਾਦਸ਼ਾਹਾਂ-ਬੇਗਮਾਂ ਹੱਥੋਂ।
ਜਦੋਂ ਤੋਂ ਬਾਦਸ਼ਾਹਾਂ-ਬੇਗਮਾਂ ਨੇ
ਭੇਸ ਵਟਾਇਆ ਹਿੰਦਸਿਆਂ ਦਾ
ਤਾਂ ਸੁੱਖ-ਚੈਨ ਗਵਾਚਾ
ਕੁੱਝ ਟਾਂਕ, ਕੁੱਝ ਜਿਸਤ ਹਿੰਦਸਿਆਂ ਦਾ
ਕਿਉਂਕਿ ਉਦੋਂ ਤੋਂ ਹੀ
ਵਹੀਆਂ 'ਚ ਪਲ਼ਦੇ ਹਿੰਦਸੇ ਦੇ ਰਖਵਾਲਿਆਂ ਨੇ
ਕੁਰਸੀ ਤੇ ਅਖੌਤੀ ਗੁਰਗੱਦੀ ਦੇ ਰਖਵਾਲਿਆਂ ਨੇ
ਆਪਣੇ ਹਿੱਤਾਂ ਦੇ ਰੂ-ਬ-ਰੂ ਹੋ
ਕੁਝ ਟਾਂਕ, ਕੁਝ ਜਿਸਤ ਹਿੰਦਸਿਆਂ ਨੂੰ
ਨਸਲਾਂ, ਧਰਮਾਂ ਤੇ ਜਾਤਾਂ ਦੇ ਨਾਂ



ਕਰਕੇ ਸਾਨੂੰ ਮਨਫ਼ੀ-ਤਕਸੀਮ
ਜ਼ੀਰੋ ਕਰ ਦੇਣਾ ਲੋਚਦੇ
ਖਾ ਜਾਣਾ ਸੋਚਦੇ।

ਥਰ ਥਰ ਕੰਬਦੇ ਡਰਦੇ ਨੇ
ਸਾਡੇ ਜਮ੍ਹਾਂ-ਜ਼ਰਬਾਂ ਹੋਣ ਤੋਂ
ਅਸੀਂ ਹੋ ਨਾ ਜਾਈਏ
ਦੂਣੇ-ਚੌਣੇ-ਤੀਣੇ
ਕੁਝ ਟਾਂਕ, ਕੁਝ ਜਿਸਤ ਹਿੰਦਸੇ।
ਉਹ ਤਾਂ ਬੈਠ ਗੋਲ ਕਮਰਿਆਂ 'ਚ
ਬਸ ਇਹੋ ਹਰ ਦਮ ਸੋਚਦੇ
ਅਸੀਂ ਖਹਿ ਖਹਿ, ਲੜ ਲੜ
ਮਰ ਜਾਈਏ, ਇੱਕ ਦੂਜੇ ਨੂੰ ਨੋਚਦੇ।

ਪਰ ਅਸੀਂ ਨਾ ਹੋਣਾ,
ਮਨਫ਼ੀ-ਤਕਸੀਮਾਂ
ਸਾਨੂੰ ਗੁੜਤੀ ਦਿੱਤੀ ਅਕਲ-ਇਲਮ ਹਕੀਮਾਂ
ਜਮ੍ਹਾਂ-ਜ਼ਰਬਾਂ ਖਾ ਕੇ
ਬਾਦਸ਼ਾਹਾਂ -ਬੇਗਮਾਂ ਨੂੰ,
ਰੰਗ ਦੀ ਦੁੱਕੀ ਨਾਲ ਕੁੱਟਣ ਦੀ
ਕੁਝ ਟਾਂਕ, ਕੁਝ ਜਿਸਤ ਹਿੰਦਸਿਆਂ
ਇੰਝ ਪਿਰਤ ਮੁਕਾਉਣੀ,
ਕਿਰਤ ਨੂੰ ਲੁੱਟਣ ਦੀ।

## ਹੱਥਾਂ ਦੀਆਂ ਲਕੀਰਾਂ

ਸ਼ੱਕ ਨਾ ਕਰੋ
ਹੱਥਾਂ ਦੀਆਂ ਲਕੀਰਾਂ 'ਤੇ
ਇਨ੍ਹਾਂ ਦੀਆਂ ਮਿਹਨਤਾਂ 'ਤੇ
ਕਰਿਸ਼ਮਿਆਂ 'ਤੇ
ਬਾਂਹਾਂ ਦਾ ਬਾਜ਼ੂਬਲ ਹੀ
ਪੱਥਰਾਂ ਨਾਲ ਟਕਰਾ ਕੇ
ਬਣਾਉਂਦਾ ਹੈ ਆਲੀਸ਼ਾਨ ਇਮਾਰਤਾਂ
ਹਿੰਮਤਾਂ ਹੀ ਹਨੇਰੀਆਂ ਨੂੰ ਚੀਰ
ਪਾਉਂਦੀਆਂ ਹਨ ਮੰਜ਼ਲਾਂ
ਹਵਾਵਾਂ ਦੇ ਰੁੱਖ ਵੀ
ਮੋੜੇ ਜਾ ਸਕਦੇ ਹਨ ਦਲੇਰੀ ਨਾਲ
ਹੋਣੀਆਂ ਨੂੰ ਅਣਹੋਣੀਆਂ'ਚ
ਬਦਲਣਾ ਕੰਮ ਹੈ ਹੱਥਾਂ ਦਾ।

ਇਹ ਹੱਥ ਹੀ ਹਨ ਜੋ
ਧਰਤੀ ਦਾ ਸੀਨਾ ਪਾੜ
ਉਸਦੀ ਕੁੱਖ ਵਿੱਚੋਂ
ਕੱਢਦੇ ਹਨ ਹੀਰੇ ਜਵਾਹਰਾਤ
ਉਚਾਈਆਂ ਤੇ ਚੜ੍ਹ



ਚੰਦ ਵਰਗੇ ਗ੍ਰਹਿਆਂ ਨੂੰ
ਲੈ ਸਕਦੇ ਹਨ ਛੋਹਣ ਦਾ ਸਕੂਨ
ਹੱਥਾਂ ਦੀਆਂ ਲਕੀਰਾਂ ਦੀ ਲਚਕ ਸਦਕਾ
ਹਰ ਜ਼ੁਲਮ ਦੀ ਘੰਡੀ
ਜਾ ਸਕਦੀ ਹੈ ਮਰੋੜੀ।

ਭੁੱਲ ਜਾਉ
ਸਾਧ ਸੰਤ ਜਾਂ ਤਪੱਸਵੀ ਬਣਕੇ
ਨਾ ਪਾ ਸਕੋਗੇ ਮੁਕਤੀ ਇਸ ਜੀਵਨ ਦੀ
ਜਾਂ ਅਗਲੇ ਜਨਮ ਦੀ
ਨਾ ਹੀ ਗੰਗਾ ਨਹਾ ਕੇ
ਵਿਭੂਤੀ ਲਗਾ ਕੇ
ਸੱਚ ਤੋਂ ਛੁਡਾ ਸਕਦੇ ਹੋ ਪੱਲਾ।

ਯਕੀਨ ਕਰੋ
ਸੱਚੇ ਰੱਬ ਦਾ ਭਾਣਾ ਮੰਨ ਕੇ
ਮੁਕਤੀ ਨਹੀਂ ਮਿਲਣੀ
ਇਹ ਤਾਂ ਪਈ ਹੈ ਤੁਹਾਡੇ
ਹੌਂਸਲੇ ਤੇ ਤੁਹਾਡੇ ਹੱਥਾਂ ਦੀ
ਲਚਕ ਨਾਲ ਬਣੀਆਂ ਲਕੀਰਾਂ ਵਿੱਚ
ਤੁਹਾਡੀ ਮਨੁੱਖਤਾ ਪ੍ਰਤੀ
ਪ੍ਰਤੀਬੱਧਤਾ ਵਿੱਚ।
ਤੁਹਾਡੇ ਹੱਥਾਂ ਦੀਆਂ ਲਕੀਰਾਂ
ਦੱਸਦੀਆਂ ਨਹੀਂ ਭਵਿੱਖ
ਸਗੋਂ ਸਿਰਜਦੀਆਂ ਹਨ
ਜਿਸਨੂੰ ਕਰਨ ਦੀ
ਤੁਸੀਂ ਰੱਖਦੇ ਹੋ ਹਿੰਮਤ
ਤੁਹਾਡਾ ਸੁਨਹਿਰਾ ਭਵਿੱਖ।

## ਮਈ ਦਿਵਸ

ਸੰਨ 1886 ਸ਼ਹਿਰ ਸ਼ਿਕਾਗੋ ਵਿੱਚ
ਹੋ ਰਿਹਾ ਸੀ
ਇੱਕ ਮੌਨ ਮੁਜ਼ਾਹਰਾ
ਮਜ਼ਦੂਰ ਚਾਹੁੰਦੇ ਸਨ
ਸਿਰਫ਼ ਅੱਠੇ ਘੰਟੇ ਦੀ ਦਿਹਾੜੀ
ਚਾਹੁੰਦੇ ਸਨ ਦੇਣੀ ਤਿਲਾਂਜਲੀ
ਪਸ਼ੂਆਂ ਵਰਗੀ ਜੂਨ ਨੂੰ
ਚੜ੍ਹਦੀ ਉਮਰ ਦੇ ਸਾਮਰਾਜ
ਨੂੰ ਪੈ ਗਈਆਂ ਸਨ ਢਿੱਡੀਂ ਪੀੜਾਂ
ਸੁਲਘਦੀ ਚੁਆਤੀ ਨੂੰ ਦੇਖ
ਉਸਨੇ ਕੀਤਾ ਸੀ ਘਾਣ ਮਨੁੱਖਤਾ ਦਾ।
ਵਰ੍ਹਾ ਦਿੱਤਾ ਸੀ ਮੀਂਹ ਗੋਲ਼ੀਆਂ ਦਾ
ਹੋ ਗਈ ਸੀ ਧਰਤੀ ਲਾਲੋ ਲਾਲ
ਲੋਕਾਂ ਨੇ ਰੰਗਿਆ ਸੀ ਚਿੱਟਾ ਝੰਡਾ
ਆਪਣੇ ਲਹੂ ਨਾਲ਼ - ਇੱਕ ਲਾਲ ਫੁਰੇਰਾ
ਜੋ ਹੈ ਪ੍ਰਤੀਕ ਸੁਰਖ ਇਨਕਲਾਬ ਦਾ।

ਉਨ੍ਹਾਂ ਆਪਣੇ ਹੱਕਾਂ ਲਈ
ਕੁਰਬਾਨ ਹੋ ਕੇ
ਰਾਹ ਮੋਕਲ਼ਾ ਕੀਤਾ ਸੀ
ਗਰੀਬ ਮਨੁੱਖਤਾ ਲਈ
ਅੱਜ
ਉਹਨਾਂ ਸ਼ਹੀਦਾਂ ਦੀ ਯਾਦ ਨੂੰ
ਉਹਲੇ ਕਰਕੇ, ਰੁਝੇ ਹਾਂ
ਭੁੱਖ ਦੀ ਲੋੜ ਵਿੱਚ
ਇੱਛਾਵਾਂ ਦੀ ਹੋੜ ਵਿੱਚ



ਪੈਸੇ ਦੀ ਦੌੜ ਵਿੱਚ।

ਅੱਜ ਮਈ ਦਿਨ 'ਤੇ ਹਾਜ਼ਰ ਹਨ
ਕਈ ਲੱਖਾਂ ਲੋਕਾਂ ਵਿਚੋਂ
ਸਿਰਫ਼ ਸੌ ਡੇਢ ਸੌ
ਦੇਖ ਕੇ ਹੁੰਦਾ ਹੈ ਅਚੰਭਾ
ਕੀ ਅੱਜ ਹੋ ਰਿਹਾ ਹੈ
ਸਭ ਕੁਝ ਠੀਕ ਠਾਕ ?
ਮਿਲ ਰਹੇ ਹਨ
ਸਭ ਨੂੰ ਬਰਾਬਰ ਦੇ ਹੱਕ ?
ਮਿਟ ਗਈ ਹੈ ਕਾਣੀ ਵੰਡ?
ਮਰ ਨਹੀਂ ਰਿਹਾ ਕਿਤੇ ਵੀ
ਭੁੱਖਾ ਮਜ਼ਦੂਰ ?
ਪਾ ਚੁੱਕਿਆ ਹੈ ਉਹ
ਸ਼ੋਸਣ ਤੋਂ ਮੁਕਤੀ ?
ਵੱਡੀਆਂ ਮੱਛੀਆਂ ਨੇ
ਛੋਟੀਆਂ ਨੂੰ ਖਾਣ ਤੋਂ ਕੀਤਾ
ਹੈ ਗੁਰੇਜ਼ ?

ਜੇ ਨਹੀਂ-
ਤਾਂ ਮੱਘਦੀ ਚੁਆਤੀ ਤੋਂ
ਕਿਉਂ ਹਨ ਉਹ ਬੇਖ਼ਬਰ
ਕਿਉਂ ਲਾ ਰਹੇ ਨੇ
ਪਾੜ ਝੁੱਗੀਆਂ ਨੂੰ
ਮਹਿਲਾਂ ਦੀ ਸੱਜ ਧੱਜ ਦੇਖ ਕੇ।

ਕਿਉਂ ਨਹੀਂ?
ਬਣਾਉਂਦੇ ਚੁਆਤੀ ਨੂੰ ਮਿਸ਼ਾਲ
ਜੋ ਕਰ ਸਕੇ
ਸਾਰੀ ਮਨੁੱਖਤਾ ਨੂੰ
ਇੱਕੋ ਜਿਹਾ ਰੌਸ਼ਨ।

## ਬੁੱਕਲ ਦੇ ਸੱਪ
(ਕਬਾਇਲੀ ਤੇ ਆਦਿਵਾਸੀਆਂ ਨੂੰ ਸਮਰਪਤ)

ਅਸੀਂ ਮਿਹਨਤੀ ਆਦਿਵਾਸੀ
ਕਿਰਤੀ ਗਰੀਬ
ਜੂਝਦੇ
ਜ਼ਿੰਦਗੀ ਨਾਲ
ਦੁੱਖਾਂ, ਸੁੱਖਾਂ ਤੇ ਭੁੱਖਾਂ ਨਾਲ
ਠੰਢਾਂ, ਧੁੱਪਾਂ ਤੇ ਫਟੀਆਂ ਲੀਰਾਂ ਨਾਲ
ਕੰਗਾਲੀ ਨਾਲ ਉਜੜੀਆਂ ਤਕਦੀਰਾਂ ਨਾਲ
ਜੂਝਦੇ।



ਅਸੀਂ ਜੂਝਦੇ
ਤਕਲੀਫਾਂ, ਥਪੇੜਾਂ ਤੇ ਲਲਕਾਰਾਂ ਨਾਲ
ਪੁਲਸ, ਮਿਲਟਰੀ ਤੇ ਸਰਕਾਰਾਂ ਨਾਲ
ਅਸੀਂ ਜੂਝਦੇ
ਸੀਸ ਤਲੀ ਤੇ ਰੱਖ ਕੇ
ਬੇਖੌਫ਼ ਜੂਝਦੇ।

ਅਸੀਂ ਸੱਪਾਂ ਦੀਆਂ
ਸਿਰੀਆਂ ਮਿੱਧਣ ਵਾਲੇ
ਨਹੀਂ ਡਰਦੇ———
ਉਨ੍ਹਾਂ ਸੱਪਾਂ ਤੋਂ
ਜੋ ਫਨ ਫ਼ੈਲਾ ਕੇ ਖੜ੍ਹੇ ਨੇ
ਘੇਰਾ ਬੰਨ੍ਹੀ ਚੁਫੇਰੇ
ਘੜਦੇ ਨੇ ਨਿੱਤ ਨਵੀਆਂ ਚਾਲਾਂ
ਦਬਾਉਣ ਲਈ
ਚੁੱਪ ਕਰਾਉਣ ਲਈ
ਬੰਦੀ ਬਣਾਉਣ ਲਈ
ਦਹਿਸ਼ਤ ਫ਼ੈਲਾਉਣ ਲਈ।

ਸਾਨੂੰ ਤਾਂ ਖ਼ੌਫ਼ ਹੈ
ਬੁੱਕਲ ਦੇ ਸੱਪਾਂ ਦਾ
ਸਾਡੀ ਹੀ ਕਿਸ਼ਤੀ ਦੇ ਮਲਾਹਾਂ ਦਾ
ਜੋ ਡਬੋਣਾ ਚਾਹੁੰਦੇ ਨੇ
ਲਾਲ ਝੰਡੇ ਦੀ ਆੜ ਥੱਲੇ।

## ਹਲਚਲ
(ਹੇਟੀ ਦੇ ਭੂਚਾਲ ਪੀੜਤਾਂ ਨੂੰ)

ਮਚ ਗਈ ਏ ਹਲਚਲ
ਧਰਤੀ ਦਾ ਫਟਿਆ ਹੈ ਸੀਨਾ
ਸਮੁੰਦਰਾਂ'ਚ ਪੈ ਗਈ ਐ ਤਰਥੱਲ
ਟੋਟੇ ਹੋ ਗਈਆਂ ਨੇ ਚਟਾਨਾਂ
ਮਲਬਿਆਂ ਹੇਠ ਰੀਂਗਦੀ ਹੈ ਜ਼ਿੰਦਗੀ
ਤਰਸਦੀ ਹੈ ਜੀਣ ਲਈ
ਆਪਣਿਆਂ ਦਾ ਮੂੰਹ ਦੇਖਣ ਲਈ
ਸਭ ਨੂੰ ਇੱਕ ਦੂਜੇ ਦੀ ਪ੍ਰਵਾਹ ਹੈ।

ਢਹਿ ਚੁੱਕਿਆ ਹੈ
ਘੁੱਗ ਵਸਦਾ ਸ਼ਹਿਰ



ਕੁਰਲਾਹਟ ਮੱਚ ਉਠਿਆ ਹੈ
ਸਭ ਦੇ ਦਿਲਾਂ ਅੰਦਰ
ਰੋ ਰੋ ਕੇ ਨੀਰ ਮੁੱਕਿਆ ਹੈ
ਮੁਰਝਾ ਗਈਆਂ ਨੇ ਕਰੂੰਬਲਾਂ
ਟੁਟ ਗਏ ਨੇ ਘਰੋਂਦੇ
ਆਲ੍ਹਣੇ ਹੋ ਗਏ ਨੇ ਤੀਲਾ ਤੀਲਾ
ਬੇਥਾਹ ਮੱਚਿਆ ਹੈ ਸ਼ੋਰ
ਹੋਈ ਹੈ ਹਿਲਜੁਲ
ਧੂਹ ਪਈ ਹੈ
ਸਭ ਦੇ ਸੀਨੇ।

ਦੋ ਦਿਨਾਂ ਬਾਅਦ
ਅੰਗੜਾਈ ਲਈ ਹੈ ਜੀਵਨ ਨੇ
ਭੁੱਖ ਜਾਗ ਉੱਠੀ ਹੈ
ਭੁੱਖ ਭੁੱਖ ਲਈ ਮਰਦੀ ਹੈ
ਨੰਗੇ ਧੜ ਲੜਦੀ ਹੈ
ਖੋਂਹਦੀ ਹੈ
ਖਿੰਡਦੀ ਹੈ
ਉਹ ਉੱਜੜੇ
ਘਰੋਂ ਬੇਘਰ ਹੋਏ
ਸਾਰਾ ਆਲਮ ਫ਼ਿਕਰਮੰਦ ਹੈ।
ਭੱਜਿਆ ਹੈ ਸਾਮਰਾਜ
ਦੁਨੀਆਂ ਦਾ ਵੱਡਾ ਮੱਦਦਗਾਰ
ਹਲਚਲ ਨੂੰ ਠੱਲ੍ਹ ਪਾਉਣ ਲਈ।

ਸਹਿ ਲੈਣਗੇ ਉਹ
ਜਰ ਲੈਣਗੇ ਉਹ
ਕੁਦਰਤ ਦੀ ਕਰੋਪੀ ਨੂੰ
ਇਹ ਸਭ ਲਈ ਇੱਕੋ ਆਫ਼ਤ ਹੈ
ਅਮੀਰ-ਗ਼ਰੀਬ ਦੀ

ਛੋਟੇ-ਵੱਡੇ ਦੀ
ਕਾਲ਼ੇ-ਗੋਰੇ ਦੀ।

ਪਰ ਸਾਮਰਾਜ ਲਿਆਉਂਦਾ ਹੈ ਜਿੱਥੇ ਆਫ਼ਤ
ਸਿੱਟਦਾ ਹੈ ਬੰਬ
ਹੋ ਜਾਂਦੀਆਂ ਨੇ ਲਾਸ਼ਾਂ ਦਫ਼ਨ
ਧਰਤੀ ਦੀ ਕੁੱਖ ਵਿੱਚ
ਕੁੱਖ ਚਾਹੇ ਇਰਾਕ ਦੀ ਹੋਵੇ
ਵੀਅਤਨਾਮ ਦੀ ਹੋਵੇ
ਅਫ਼ਗਾਨਿਸਤਾਨ,
ਹਿੰਦੋਸਤਾਨ ਜਾਂ ਪਾਕਿਸਤਾਨ ਦੀ ਹੋਵੇ।
ਉੱਥੇ ਜਿਊਂਦਿਆਂ ਦੀ ਨਹੀਂ
ਮਰਿਆਂ ਦੀ ਭਾਲੀ ਜਾਂਦੀ ਹੈ ਸੁੱਖ।

ਚੜ੍ਹ ਕੇ ਆਉਂਦੀ ਹੈ ਫ਼ੌਜ
ਚਲਾਉਂਦੀ ਹੈ ਗੋਲ਼ੀਆਂ
ਮਾਵਾਂ, ਭੈਣਾਂ ਤੇ ਬੱਚਿਆਂ ਦੀਆਂ ਹਿੱਕਾਂ ਵਿੱਚ।
ਕਰਨਾ ਚਾਹੁੰਦੇ ਨੇ ਉਹ
ਮਲੀਆਮੇਟ ਮਨੁੱਖਤਾ ਦਾ
ਚਾਹੁੰਦੇ ਨੇ ਕਾਬਜ਼ ਹੋਣਾ
ਹਰ ਛੋਟੇ ਵੱਡੇ ਗਲਿਆਰੇ ’ਤੇ।
ਲਿਆਉਂਦੇ ਨੇ ਕੁਦਰਤ ਦੀ
ਕਰੋਪੀ ਜਿਹਾ ਭੂਚਾਲ।

ਅੱਜ ਉਸਨੂੰ ਖ਼ਿਆਲ ਆਉਂਦਾ ਹੈ
ਹੇਟੀ ਦੇ ਪੀੜਤਾਂ ਦਾ
ਦਿਆਲੂ ਸਾਮਰਾਜ
ਦੁਖੀਆਂ ਨੂੰ ਸਾਹ ਦਿਵਾਵੇਗਾ,
ਮੂੰਹ’ਚ ਚੋਗਾ ਪਾਵੇਗਾ
ਬਿਠਾਵੇਗਾ, ਖੜ੍ਹਾਵੇਗਾ



ਉੱਚਾ ਉਠਾਵੇਗਾ
ਆਪਣੀ ਜਗ੍ਹਾ ਬਣਾਵੇਗਾ।

ਫ਼ਿਰ ਦੁੱਲਾ ਬਣ ਜਾਵੇਗਾ
ਤੇਲ ਤੇ ਖਣਿਜ ਲੁੱਟ ਲਿਆਵੇਗਾ
ਸੋਨੇ ਤੇ ਚਾਂਦੀ ਸਿੱਕਿਆਂ ਬਦਲੇ
ਮਨੁੱਖਤਾ ਨੂੰ ਛਿੱਕੇ ਟੰਗ ਦੇਵੇਗਾ
ਫ਼ਿਰ ਭੂਚਾਲ ਲਿਆਵੇਗਾ
ਆਪਣਾ ਝੰਡਾ ਗੱਡੇਗਾ

ਭੁੱਲ ਜਾਵੇਗਾ ਇਨਸਾਨੀਅਤ
ਦੇ ਕੁਦਰਤ ਦੀ ਕਰੋਪੀ ਦੇ
ਭੂਚਾਲ ਪੀੜਤਾਂ ਦਾ ਦਰਦ।
ਫਿਰ ਹੋਰ ਟਿਕਾਣਾ ਭਾਲੇਗਾ
ਇੱਕ ਹੋਰ ਕਰੋਪੀ ਦੇ ਨਾਂ ਥੱਲੇ
ਗਰੀਬ ਤੇ ਦੁੱਖੀਆਂ ਨਾਲ
ਹਮਦਰਦੀ ਜਤਾਵੇਗਾ।

ਉਦੋਂ ਸਾਡੇ ਵੀ ਕਾਲ਼ਜੇ
ਧੂਹ ਨਹੀਂ ਪੈਂਦੀ
ਨਾ ਹੀ ਦਿਲ ਪੰਘਰਦੇ ਹਨ
ਉਦੋਂ ਅਸੀਂ ਨਾ ਚਾਹੁੰਦਿਆਂ ਵੀ
ਸਾਥੀ ਬਣਦੇ ਹਾਂ
ਹਲਚਲ ਪਾਉਣ ਵਾਲਿਆਂ ਦੇ
ਬਣਕੇ ਤਮਾਸ਼ਬੀਨ
ਕਿਉਂਕਿ ਤਮਾਸ਼ਾ ਗੁਆਂਢੀ ਦੇ ਘਰ ਹੈ।
ਅਸੀਂ ਕਬੂਤਰ ਬਣ
ਨਜ਼ਾਰਾ ਲੈਂਦੇ ਹਾਂ
ਸਾਮਰਾਜ ਦੇ ਕਾਰਨਾਮਿਆਂ ਦਾ,
ਉਹਦੀ ਹਲਚਲ ਦਾ।

## ਜੰਗਲ ਦੇ ਵਾਸੀ

ਜੰਗਲ ਸਾੜ ਕੇ, ਆਲ੍ਹਣੇ ਤੋੜ ਕੇ,
ਕਰਦੇ ਹੋ ਵਿਕਾਸ ਦੀਆਂ ਗੱਲਾਂ।
ਇੱਜ਼ਤਾਂ ਲੁੱਟ ਕੇ, ਜਾਨਾਂ ਲੈ ਕੇ,
ਦੱਸਦੇ ਹੋ ਵਿਕਾਰ ਦੀਆਂ ਮੱਲਾਂ।
ਤੋੜ ਕੇ ਖੰਭ ਉਨ੍ਹਾਂ ਦੇ,
ਉਡਣਾ ਕਿਸ ਨੂੰ ਸਿਖਾਵੋਗੇ ?

ਨੰਗਿਆਂ ਪਿੰਡਿਆਂ 'ਤੇ,
ਅਗਨੀ ਦਾ ਸੇਕ ਸਹਿ ਕੇ।
ਭੁੱਖ ਦੇ ਤੋੜਿਆਂ ਨੇ,
ਆਂਦਰਾਂ ਨੂੰ ਕੋਹ ਕੋਹ ਕੇ।
ਸਿੱਖਿਆ ਹੈ ਜਿਨ੍ਹਾਂ ਜੀਣਾ,
ਝੂਠੇ ਲਾਰਿਆਂ ਦਾ ਪਾਠ ਕਿਸਨੂੰ ਪੜ੍ਹਾਓਗੇ ?



ਧੁਆਂਖੇ ਚਿਹਰਿਆਂ ਦੇ ਪਿੱਛੇ,
ਚਿੰਗਾੜੀ ਅਜੇ ਵੀ ਮੱਘਦੀ ਹੈ।
ਦਿਉ ਨਾ ਤੂਲ ਇਸ ਜੰਗਲੀ ਅੱਗ ਨੂੰ,
ਰੌਸ਼ਨੀ ਚੰਗੀ ਲੱਗਦੀ ਜੋ ਜਗਦੀ ਹੈ।
ਜੁਗਨੂੰਆਂ ਨੂੰ ਲਾਂਬੂ ਲਾ ਕੇ,
ਰੌਸ਼ਨੀ ਕਿਥੋਂ ਲਿਆਓਗੇ ?

ਤੋੜ ਕੇ ਪਰ ਪਰਿੰਦਿਆ ਦੇ,
ਹੰਢੇ ਸ਼ਿਕਾਰੀ ਬਣਦੇ ਹੋ।
ਫਲ੍ਹੂਹਾ ਘਰ ਵਿੱਚ ਸੁੱਟ ਕੇ ਹੀ,
ਬਿਗਾਨਿਆਂ ਦੇ ਹਿਤਕਾਰੀ ਬਣਦੇ ਹੋ।
ਲੁੱਟ ਪੁੱਟ ਲੈ ਜਾਣਗੇ ਜਦੋਂ,
ਦੁੱਖੜੇ ਕਿਸ ਨੂੰ ਸੁਣਾਓਗੇ ?

ਖੰਭ ਤਾਂ ਉਗਾ ਹੀ ਲੈਣਗੇ,
ਜਿਨ੍ਹਾਂ ਉਡਣਾ ਸਿੱਖਿਆ ਏ।
'ਨ੍ਹੇਰੀਆਂ ਨਾਲ ਮੱਥਾ ਲਾਉਣ ਲਈ,
ਜਿਨ੍ਹਾਂ ਭਿੜਨਾ ਸਿੱਖਿਆ ਏ।
ਜੰਗਲ ਨੂੰ ਬਚਾਉਣ ਲਈ ਘਟਾ ਜੋ ਚੱਲੀ,
ਨਾਲ ਉਸਦੇ ਮੱਥਾ ਕਿੰਝ ਲਾਓਗੇ ?

ਜਰ੍ਹੇ ਜਰ੍ਹੇ ਵਿੱਚ ਬੋਲੇ ਇਤਿਹਾਸ,
ਜਨਮ ਜਨਮਾਂਤਰਾਂ ਤੋਂ ਹਨ ਗੁਰੀਲੇ।
ਉਹ ਜੰਗਲਾਂ ਦੇ ਆਦਿ ਵਾਸੀ,
ਰੱਖਦੇ ਰਹਿਣੀ ਸਾਦੀ ਤੇ ਬੋਲ ਸੁਰੀਲੇ।
ਟਕਰਾ ਜਾਣਗੇ ਚੱਪੇ ਚੱਪੇ 'ਤੇ,
ਫਿਰ ਰਹਿ ਰਹਿ ਕੇ ਪਛਤਾਓਗੇ।
ਰੱਜ ਰੱਜ ਕੇ ਪਛਤਾਓਗੇ॥

## ਲੋਕਤੰਤਰ

ਛੇ ਦਹਾਕੇ ਬੀਤ ਚੁੱਕੇ ਹਨ
ਲੋਕਤੰਤਰ ਦੀ ਪੀਂਘ ਝੂਟਦਿਆਂ
ਪਰ ਅਜੇ ਤੱਕ ਕਈ ਕਰੋੜ ਲੋਕ
ਲੈ ਨਾ ਸਕੇ ਹੁਲਾਰਾ
ਕੁੱਲੀ, ਗੁੱਲੀ ਤੇ ਜੁੱਲੀ ਦੇ ਸ਼ਬਦਾਂ ਦਾ।

ਲੋਕਤੰਤਰ ਨੇ ਹੀ ਤਾਂ ਤੁੰਨਿਆ ਹੈ,
ਇਨ੍ਹਾਂ ਸਾਲਾਂ ਵਿੱਚ ਸਾਡੇ ਅੰਦਰ
ਯੁੱਧਾਂ ਦਾ ਜ਼ਹਿਰ
ਕਦੇ ਪਾਕਿਸਤਾਨ, ਚੀਨ, ਬੰਗਲਾ ਦੇਸ਼
ਜਾਂ ਅਪਣੇ ਲੋਕਾਂ ਦੀ ਖ਼ਾਨਾ ਜੰਗੀ ਨਾਲ਼।

ਅਜੇ ਵੀ ਪ੍ਰੰਪਰਾਵਾਦੀ
ਰਿਸ਼ੀਆਂ, ਮੁਨੀਆਂ ਤੇ ਵੇਦਾਂ ਦਾ ਫ਼ਲਸਫ਼ਾ
ਜੋ ਕਰਦਾ ਹੈ ਰਾਜੇ ਤੇ ਰੰਕ ਦਾ ਵਿਤਕਰਾ
ਕੱਢਦਾ ਨਹੀਂ ਕੰਡਾ ਰਾਜੇ ਦੀ ਸੋਚ ਦਾ



ਪਾਉਂਦਾ ਹੈ ਖਲਲ,
ਮਨੁੱਖਵਾਦੀ ਵਿਚਾਰਧਾਰਾ 'ਤੇ।
"ਦਿੰਦਾ ਹੈ ਰੱਬ ਪੱਥਰਾਂ ਵਿੱਚ ਵੀ"
ਪੱਕੇ ਹਾਂ ਇਸ ਸਰਬ ਸ਼ਕਤੀਮਾਨ
ਦੀ ਸਿਰਫ਼ ਰਹਿਮਤ 'ਤੇ ਹੀ
"ਜਮਹੂਰੀਅਤ" ਦੇ ਜਾਮੇ ਵਿੱਚ
ਸੁੱਤਾ ਮੇਰਾ ਦੇਸ਼ ਜਾਣ ਨਹੀਂ ਸਕਿਆ ਅਜੇ
ਪਸ਼ੂ ਤੇ ਇਨਸਾਨ ਦੀ ਪ੍ਰਵਿਰਤੀ ਬਾਰੇ।

ਅਜੇ ਵੀ ਭੁੱਜਦੀ ਹੈ ਭੰਗ
ਕਿਰਤੀ ਦੇ ਘਰ ਵਿੱਚ
ਜਿੱਥੇ ਇਨਸਾਨ ਦੀ ਨਹੀਂ
ਕੀਤੀ ਜਾਂਦੀ ਹੈ ਕਦਰ
ਸੜਕਾਂ ਤੇ ਅਵਾਰਾ ਫਿਰਦੀਆਂ
ਗਊ-ਮਾਤਾਵਾਂ ਦੀ।
ਦਿੱਤੀ ਨਹੀਂ ਜਾਂਦੀ ਇੱਕ ਟੁੱਕ ਬੁਰਕੀ
ਭੁੱਖ ਨੂੰ ਸਹਿਲਾਉਣ ਲਈ
ਪਰ ਮੰਦਰਾਂ ਦੇ ਟੀਲਿਆਂ 'ਤੇ
ਚੜ੍ਹਾਇਆ ਜਾਂਦਾ ਹੈ ਲੱਖਾਂ ਮਣ ਸੋਨਾ।

ਮੇਰਾ ਜਮਹੂਰੀਅਤਪਸੰਦ ਦੇਸ਼
ਅਨੇਕਾਂ ਹੀ ਔਰਤਾਂ ਨੂੰ ਨਿੱਤ ਰੰਡੀਆਂ ਕਰਕੇ
ਭਰਦਾ ਹੈ ਮਾਂਗ ਵਿੱਚ
"ਜਮਹੂਰੀਅਤ" ਦਾ ਬੇਰੰਗਾ ਸੰਧੂਰ।
ਲੋਕਤੰਤਰਤਾ ਦੇ ਪੁਜਾਰੀ
ਸ਼ੁਹਰਤ ਦਾ ਮਾਪਦੰਡ
ਮਾਪਣ ਲਈ ਪਹਿਨਦੇ ਹਨ
ਕਰੋੜਾਂ ਰੁਪਏ ਦੇ ਹਾਰ ਗਲ਼ ਵਿੱਚ।

ਪ੍ਰਜਾਤੰਤਰ ਦੇਸ਼ ਵਿੱਚ
ਲੀਡਰੀ ਦੇ ਜਬਾੜੇ ਥੱਲੇ ਆਉਣ ਲਈ
ਬਣਨਾ ਪਵੇਗਾ ਭ੍ਰਿਸ਼ਟ, ਜ਼ਾਲਮ ਤੇ ਰਿਸ਼ਵਤਖੋਰ
ਕਿਉਂਕਿ ਇਮਾਨਦਾਰ ਲੀਡਰ ਚੜ੍ਹ ਨਹੀਂ ਸਕਦਾ
ਇਸ ਲੋਕਤੰਤਰ ਦੀ ਪੌੜੀ ਦੇ ਡੰਡੇ ਤੇ।
ਹਰ ਕੁੱਝ ਸਾਲਾਂ ਬਾਅਦ
ਵੋਟਾਂ ਦੀ ਹੱਟ ਪਾ ਕੇ
ਨਾਪਦੇ ਨੇ ਤੱਕੜੀ ਵਿੱਚ
ਸਾਡੀ ਵਿਕਣ ਦੀ ਹਿੰਮਤ
ਖੇਡਦੇ ਨੇ ਲੁਕਣ ਮਚੀਚੀ ਸਾਡੇ ਨਾਲ਼
ਤੇ ਛੁਪ ਜਾਂਦੇ ਨੇ ਲੋਕਰਾਜ ਦੀਆਂ
ਪਰਤਾਂ ਵਿਚਾਲ਼ੇ।

ਪਾਰਲੀਮੈਂਟ ਵਿੱਚ ਉਛਾਲ਼ਦੇ ਨੇ ਪੱਗਾਂ, ਟੋਪੀਆਂ
ਤੇ ਕਈ ਵਾਰ ਮੇਜਾਂ, ਕੁਰਸੀਆਂ ਵੀ
ਲੈਂਦੇ ਨੇ ਸਕੂਨ
ਵਾਲੀਵਾਲ ਦੀ ਖੇਡ ਖੇਡਣ ਦਾ।
ਜਮਹੂਰੀਅਤ ਦਾ ਪੁਲੰਦਾ
ਉਡਦਾ ਹੈ ਉਦੋਂ ਹਵਾ ਵਿੱਚ
ਹਵਾ ਨਾਲ਼ ਭਰੀ ਗੇਂਦ ਦੀ ਤਰ੍ਹਾਂ।

ਇਸ ਦੀ ਛੱਤਰ ਛਾਇਆ ਹੇਠ
ਖੇਡਦੇ ਨੇ ਖ਼ੂਨੀ ਹੋਲ਼ੀ
ਦਿਨ ਦੁਪਹਿਰੇ ਦਹਿਸ਼ਤਗਰਦ
ਫ਼ਿਰਦੇ ਨੇ ਖੁੱਲ੍ਹੇ ਸ਼ਰੇਆਮ
ਪਰ ਸੱਚ ਦੀ ਅਵਾਜ਼ ਹਮੇਸ਼ਾਂ ਡੱਕੀ ਜਾਂਦੀ ਹੈ
ਸਲਾਖਾਂ ਦੇ ਅੰਦਰ।
ਦੰਭੀ ਅਮਨ ਦੇ ਸਾਏ ਥੱਲੇ ਹੀ ਤਾਂ



ਪਲ਼ਦੇ ਨੇ ਡਰੂ ਤੇ ਮਿਹਨਤੀ
ਲੋਕਤੰਤਰ ਨੇ ਹੀ ਤਾਂ ਪੈਦਾ ਕੀਤਾ ਹੈ
ਜ਼ਿੰਦਗੀ ਨੂੰ ਪੱਥਰਾਂ ਵਾਂਗ ਤੇ
ਪੱਥਰਾਂ ਵਾਂਗ ਹੀ ਜੀਣ ਦੀ ਦਿੱਤੀ ਹੈ ਹੱਲਾਸ਼ੇਰੀ।

ਲੋਕਤੰਤਰ ਦੀ ਡੁਗਡੁਗੀ
ਪਹਿਨਾਉਂਦੀ ਹੈ ਹਰ ਇੱਕ ਨੂੰ
ਰੰਗ ਬਰੰਗੀ ਬਾਂਦਰ ਟੋਪੀ।
ਇਹ ਭਾਰਤ ਦੇ ਇਤਿਹਾਸ ਦੇ ਵਰਕੇ
ਫਰੋਲ਼ਦਾ ਫਰੋਲ਼ਦਾ ਜਾ ਬੈਠਾ ਹੈ
ਅਮਰੀਕੀ ਸਾਮਰਾਜ ਦੀ ਝੋਲ਼ੀ ਵਿੱਚ
ਤੇ ਵਜਾਉਂਦਾ ਹੈ ਉਸਦੀ ਤੂਤੀ।

ਲੋਕਤੰਤਰ ਦੀ ਭੱਠੀ 'ਚ ਭੁੱਜ ਭੁੱਜਕੇ
ਬਣ ਗਏ ਨੇ ਪਕਰੋੜ ਜੋ
ਜਿਨ੍ਹਾਂ ਤੇ ਠੰਢੀਆਂ ਬਰਫ਼ ਹਵਾਵਾਂ ਤੇ
ਲੂੰਹਦੀਆਂ ਧੁੱਪਾਂ ਦਾ ਸਲੀਕਾ
ਕਰਦਾ ਨਹੀਂ ਮਾਰੂ ਅਸਰ
ਨਹੀਂ ਤਾਂ ਕੀ ਲੋੜ ਸੀ
ਐਹੋ ਜਿਹੇ ਲੋਕਰਾਜ ਵਿੱਚ
ਅਪਰੇਸ਼ਨ ਗਰੀਨ ਹੰਟ ,
ਕੋਬਰਾ ਜਾਂ ਚਿੱਲੀ ਬੰਬਾਂ ਦੀ।

ਲੋਕਰਾਜ ਦੀਆਂ ਉਡਦੀਆਂ
ਧੱਜੀਆਂ ਨੂੰ ਦੇਖ
ਟੁੰਬੇ ਗਏ ਨੇ ਅੱਜ ਲੋਕ
ਲੱਭਣਾ ਪਵੇਗਾ ਹੁਣ
ਉਨ੍ਹਾਂ ਨੂੰ ਇਸਦਾ ਬਦਲ।

## ਮੈਂ ਦੋਸ਼ੀ ਹਾਂ

ਹਨ੍ਹੇਰਿਆਂ ਦੇ ਖਿਲਾਫ਼ ਲੜਨਾ
ਸੱਚ ਦੀ ਤਲਾਸ਼ ਕਰਨਾ
ਸੋਨ ਸਵੇਰਿਆਂ ਦੀ ਉਡੀਕ ਕਰਨਾ
ਵਹਿਮਾਂ ਭਰਮਾਂ ਦਾ ਪਰਦਾ ਫਾਸ਼ ਕਰਨਾ
ਜੇ ਇਹ ਮੇਰਾ ਦੋਸ਼ ਹੈ
ਤਾਂ ਮੈਂ ਦੋਸ਼ੀ ਹਾਂ।

ਗੰਦਗੀ ਦੇ ਢੇਰ ਨੂੰ
ਗੰਦਗੀ ਕਹਿਣਾ
ਪੂਜਾ ਪਾਠ ਤੇ ਝੂਠੀ ਬੰਦਗੀ ਨੂੰ
ਪਖੰਡ ਕਹਿਣਾ
ਦੁਨੀਆਂ ਦੇ ਅਸਾਂਵੇਪਣ ਨੂੰ
ਕਾਣੀ ਵੰਡ ਕਹਿਣਾ



ਲੋਕਾਂ ਦੀ ਊਚ ਨੀਚ ਨੂੰ
ਜਮਾਤੀ ਵੰਡ ਕਹਿਣਾ
ਜੇਕਰ ਇਹ ਦੋਸ਼ ਹੈ
ਤਾਂ ਮੈਂ ਦੋਸ਼ੀ ਹਾਂ।

ਨੰਗਿਆਂ ਲਈ ਕੱਪੜੇ ਦੀ
ਮੰਗ ਕਰਨਾ
ਭੁੱਖੇ ਪੇਟ ਦੀ ਭੁੱਖ ਲਈ
ਜੰਗ ਕਰਨਾ
ਸੁੱਚੇ ਪਾਣੀਆਂ ਦੀ
ਮੰਗ ਕਰਨਾ
ਹੱਕਾਂ ਲਈ ਦਿਨ ਦੁਪਹਿਰੇ
ਸੜ ਮਰਨਾ
ਜੇ ਇਹ ਦੋਸ਼ ਹੈ
ਤਾਂ ਮੈਂ ਦੋਸ਼ੀ ਹਾਂ।

ਜੇ ਧਰਤੀ ਤੇ ਪਰਬਤਾਂ ਨੂੰ
ਆਪਣੇ ਕਹਾਂ
ਲੋਕਾਂ ਦੇ ਦੁੱਖਾਂ ਸੁੱਖਾਂ ਵਿੱਚ
ਸਾਥ ਉਹਨਾਂ ਦਾ ਦਵਾਂ
ਲੁੱਟਣ ਵਾਲਿਆਂ ਦੇ ਹੱਥੋਂ
ਲੁੱਟ ਦਾ ਸਾਧਨ ਨਾ ਬਣਾ
ਪ੍ਰਦੂਸ਼ਣ ਫ਼ੈਲਾਉਣ ਵਾਲਿਆਂ ਦਾ
ਡੱਟ ਕੇ ਟਾਕਰਾ ਕਰਾਂ
ਜੇ ਇਹ ਕਰਨਾ ਮੇਰਾ ਦੋਸ਼ ਹੈ
ਤਾਂ ਮੈਂ ਦੋਸ਼ੀ ਹਾਂ।

ਜੇ ਮੈਂ ਕਪਟੀ ਰੂਹਾਂ ਦੇ ਪਸਾਰੇ ਦਾ
ਵਿਰੋਧ ਕਰਾਂ
ਰਾਹੂ ਕੇਤੂਆਂ ਨੂੰ ਕਿਸਮਤ ਦਾ
ਸਰੋਤ ਨਾ ਕਹਾਂ
ਗ੍ਰੰਥਾਂ ਵਿੱਚ ਲਿਖੇ ਝੂਠ ਨੂੰ
ਪਰਖਣ ਤੋਂ ਮੈਂ ਮੁਕਰਾਂ
ਜੇ ਤਰਕ ਦੀ ਕਸਵੱਟੀ ਤੇ
ਪਰਖਣਾ ਹੀ ਦੋਸ਼ ਹੈ
ਤਾਂ ਮੈਂ ਦੋਸ਼ੀ ਹਾਂ।

ਆਪਣੇ ਪਰਬਤਾਂ ਤੇ ਰੁੱਖਾਂ ਹੇਠ
ਪਵਿੱਤਰ ਹਵਾਵਾਂ ਨੂੰ ਮਾਣਨਾ
ਆਪਣੀਆਂ ਹੀ ਧੁੱਪਾਂ ਤੇ ਛਾਵਾਂ ਹੇਠ
ਨਿੱਘੀਆਂ ਇੱਛਾਵਾਂ ਨੂੰ ਪਾਲਣਾ
ਸੁਖੀ ਤੇ ਸਾਦੀ ਜ਼ਿੰਦਗੀ ਜਿਊਣ ਦੀ
ਕਰਦੇ ਰਹਿਣਾ ਕਾਮਨਾ
ਜੇ ਇਹ ਮੇਰਾ ਦੋਸ਼ ਹੈ
ਤਾਂ ਮੈਂ ਦੋਸ਼ੀ ਹਾਂ।

ਜੋ ਸਿਰ ਫਿਰੀ ਕਹਿ ਕੇ ਭੰਡਦੇ ਨੇ
ਉਹ ਗੱਲ ਕਰਨ ਤੋਂ ਸੰਗਦੇ ਨੇ
ਉਹ ਜੀਵਨ ਜਾਚ ਨੂੰ ਛੰਡਦੇ ਨੇ
ਉਹ ਸੱਚ ਦੇ ਦੁਸ਼ਮਣ ਰੰਭਦੇ ਨੇ
ਕੋਝੇ ਬਹਿਰੂਪੀਏ ਸੱਪਾਂ ਦਾ ਰੂਪ ਧਾਰ
ਮਨੁੱਖਤਾ ਨੂੰ ਡੰਗਦੇ ਨੇ
ਜੇ ਕਰ ਸੱਚ ਸਿਰ ਫਿਰਾ ਹੈ,



ਇਹ ਮੇਰਾ ਦੋਸ਼ ਹੈ
ਤਾਂ ਮੈਂ ਦੋਸ਼ੀ ਹਾਂ।

ਗੋਰੇ ਕਾਲ਼ਿਆਂ ਦੀ ਦਿੱਤੀ ਅਜ਼ਾਦੀ
ਮੇਰੇ ਲਈ ਅਖੌਤੀ ਤੇ ਫਰਜ਼ੀ ਹੈ
ਮੇਰਾ ਨਾਸਤਿਕ ਹੋ ਕੇ ਜਿਊਣਾ
ਮੇਰੀ ਆਪਣੀ ਮਰਜ਼ੀ ਹੈ
ਜੇ ਤੁਹਾਡੀਆਂ ਨਜ਼ਰਾਂ ਵਿੱਚ
ਮੇਰਾ ਹੱਕ ਹੀ, ਮੇਰੀ ਖ਼ੁਦਗਰਜ਼ੀ ਹੈ
ਮੇਰੀ ਖ਼ੁਦਗਰਜ਼ੀ
ਜੇਕਰ ਮੇਰਾ ਦੋਸ਼ ਹੈ
ਤਾਂ ਮੈਂ ਦੋਸ਼ੀ ਹਾਂ।

ਕੁਰਾਹੀਆ ਕਹਾ ਕੇ ਵੀ
ਲੋਕਾਂ ਦੇ ਹੱਕਾਂ ਦੀ ਗੱਲ ਕਰਨਾ
ਲੋਕਾਈ ਲਈ ਤਸ਼ੱਦਦ ਸਹਿਣੇ ਤੇ
ਤੱਤੀ ਤਵੀ ਤੇ ਸੜ ਮਰਨਾ
ਜ਼ਹਿਰ ਦਾ ਪਿਆਲਾ ਪੀ ਕੇ ਵੀ
ਸਿਰਫ਼ ਇਨਸਾਫ਼ ਦਾ ਲੜ ਫੜਨਾ
ਜ਼ੁਲਮ ਮੂਹਰੇ ਝੁਕਣ ਦੀ ਬਜਾਇ
ਫ਼ਾਂਸੀ ਤੇ ਜਾ ਚੜ੍ਹਨਾ
ਜੇ ਮੇਰੇ ਰਹਿਬਰਾਂ ਦਾ
ਇਹ ਕੁਝ ਕਰਨਾ ਦੋਸ਼ ਹੈ
ਤਾਂ ਮੈਂ ਵੀ ਦੋਸ਼ੀ ਹਾਂ
ਤਾਂ ਮੈਂ ਵੀ ਦੋਸ਼ੀ ਹਾਂ।

## ਟਾਈਮ ਫ਼ਾਰ ਚੇਂਜ

ਨੀਲਿਆਂ ਤੋਂ ਬੱਗੇ, ਜਾਂ ਬੱਗਿਆਂ ਤੋਂ ਨੀਲੇ,
ਟੋਰੀਆਂ ਤੋਂ ਲਿਬਰਲ ਜਾਂ ਨਿਊ ਡੈਮੋਕਰੈਟ
ਮੌਡਰੇਟਾਂ ਤੋਂ ਫੰਡਾਮੈਂਟਲਿਸਟ,
ਕਾਂਗਰਸ, ਭਾਜਪਾ ਜਾਂ ਮਾਰਕਸੀ
ਦਿੰਦੇ ਹਨ ਨਾਹਰਾ 'ਟਾਈਮ ਫਾਰ ਚੇਂਜ' ਦਾ
ਸੱਤਾ 'ਤੇ ਕਾਬਜ਼ ਹੋਣ ਲਈ।

ਭੋਲ਼ੀ ਭਾਲ਼ੀ ਜਨਤਾ ਸਮਝਦੀ ਹੈ
ਕਿ ਹੋਵੇਗਾ ਸਮੇਂ ਦਾ ਬਦਲ ਤੇ
ਹਰ ਵਾਰ ਬੜੇ ਹੀ ਹੌਂਸਲੇ ਤੇ ਉਤਸ਼ਾਹ ਨਾਲ,
ਹੋ ਜਾਂਦੇ ਨੇ ਨਾਹਰਿਆਂ ਦੇ ਵਿੱਚ ਸ਼ਾਮਲ।
ਕੁਝ ਦਿਨ ਜੀਅ ਲੈਂਦੇ ਨੇ ਭਰਮ ਵਿੱਚ
ਕਿ ਹੁਣ ਬਦਲੇਗੀ ਕਿਸਮਤ।

ਸਾਰਾ ਦਿਨ ਰੋੜੀ ਕੁੱਟਕੇ ਸੋਚਦੀ ਹੈ,
ਮਿਲੇਗੀ ਦੁੱਧ ਦੀ ਘੁੱਟ
ਤਾਂ ਕਿ ਛਾਤੀਆਂ ਵਿੱਚੋਂ ਉੱਤਰ ਆਵੇ
ਦੁੱਧ ਦੀ ਤਿੱਪ ਤੇ,





ਤੇ ਚੁੰਘਾ ਸਕੇ ਵਿਲਕਦੇ ਬਲੂਰ ਨੂੰ
ਜਿਸਨੇ ਚਾਰ ਦਿਨ ਪਹਿਲਾਂ ਜਨਮ ਲਿਆ ਹੈ।
ਟਾਈਮ ਫਾਰ ਚੇਂਜ ਦੇ ਦਿਨਾਂ ਵਿੱਚ
ਇਸ ਸੁਹਜਮਈ ਦੁਨੀਆਂ ਦਾ ਸੁਪਨਾ ਦੇਖਣ ਲਈ।
ਦਿਨ ਰਾਤ ਦੀਆਂ ਸ਼ਿਫ਼ਟਾਂ ਲਾ ਕੇ
ਕੁਝ ਸਾਲ!
ਘਰਵਾਲੀ ਤੇ ਬੱਚਿਆਂ ਦਾ ਉਲਾਂਭਾ
ਕਰ ਦੇਣਾ ਹੈ ਪੂਰਾ ।
ਸੋਚਦਾ ਹੈ ਫਿਰ ਕੱਢਾਂਗੇ ਸਾਰੀ ਦੁਨੀਆਂ ਦਾ ਟੂਰ।
ਕਰਾਂਗੇ ਪੂਰਾ ਸੱਤ ਅਜੂਬੇ ਦੇਖਣ ਦਾ ਸੁਫ਼ਨਾ,
ਜੋ ਪੜ੍ਹਿਆ ਸੀ ਸਿਰਫ਼ ਕਿਤਾਬਾਂ ਵਿੱਚ।
ਪਰ ਉਦੋਂ ਨੂੰ ਬੱਚਿਆਂ ਦਾ
ਟਾਈਮ ਚੇਂਜ ਹੋ ਚੁੱਕਾ ਹੁੰਦਾ ਹੈ
ਡਰੱਗਾਂ ਦੀ ਦਲਦਲ ਵਿੱਚ।

ਭੁੱਖ ਦੀ ਸਤਾਈ, ਬਾਰਬੀ ਜਿਹੀ ਡੌਲ
ਅਰਧ ਨੰਗੇ ਜਿਸਮ ਨੂੰ
ਦਿਖਾ ਕੇ ਕਰਦੀ ਹੈ ਅਰਜੋਈ,
ਜਿਸਮ ਦੇ ਵਿਉਪਾਰੀਆਂ ਲਈ
ਉਦੋਂ ਚੜ੍ਹ ਜਾਂਦੀ ਹੈ ਅੱਲੜ੍ਹ ਜਵਾਨੀ
ਵੇਸਵਾਗਮਨੀ ਦੀ ਭੇਂਟ।
ਜਿਸਦਾ ਬਚਪਨ ਤੋਂ ਜਵਾਨੀ ਦੇ
ਸਫ਼ਰ ਦਾ ਟਾਈਮ ਫਾਰ ਚੇਂਜ
ਗਿਆ ਹੈ ਖਲੋ।

ਚਾਂਈ ਚਾਂਈ ਫ਼ਸਲ ਮੰਡੀ 'ਚ
ਲੈ ਕੇ ਗਿਆ ਕਿਸਾਨ।
ਕਿਆਸ ਦਾ ਹੈ ਭੰਨਾਂ ਘੜਤਾਂ ਵਿੱਚ
ਐਂਤਕੀ ਤਾਂ ਜ਼ਰੂਰ, ਹਰ ਹੀਲੇ

ਕਰ ਸਕੇਗਾ ਜਵਾਨ ਧੀ ਦੇ ਹੱਥ ਪੀਲ਼ੇ।
ਜਦੋਂ ਆੜ੍ਹਤੀਏ ਤੋਂ ਹਿਸਾਬ ਕਿਤਾਬ
ਲੈ ਕੇ ਮੁੜਦਾ ਹੈ ਘਰ।
ਪਰ ਟਾਈਮ ਫਾਰ ਚੇਂਜ ਨੇ ਕੀਤਾ ਹੈ,
ਮਜ਼ਬੂਰ ਖੁਦਕਸ਼ੀ ਲਈ।
ਨੀਲਿਆਂ ਤੋਂ ਬੱਗੇ,
ਜਾਂ ਟੋਰੀਆਂ ਤੋਂ ਲਿਬਰਲ ਜਾਂ ਐਨ ਡੀ. ਪੀ,
ਕਾਂਗਰਸ, ਅਕਾਲੀ ਜਾਂ ਮਾਰਕਸੀਆਂ
ਦੇ ਆਉਣ ਨਾਲ਼,
ਤੇ ਸੱਤਾ ਨੂੰ ਹਥਿਆਉਣ ਨਾਲ਼,
ਸਿਰਫ਼ ਬੁਰਕੇ ਬਦਲਾਉਣ ਨਾਲ਼
ਟਾਈਮ ਚੇਂਜ ਨਹੀਂ ਹੋਣਾ।

ਇਹ ਤਾਂ ਹੋਵੇਗਾ————
ਜਿਸ ਦਿਨ ਤੁਸੀਂ ਆਪ ਕਰੋਗੇ,
ਕਲਪਨਾ ਤੋਂ ਹਕੀਕਤ ਦਾ ਸਫਰ।
ਭਰਮ ਭੁਲੇਖਿਆਂ ਤੋਂ ਸੱਚਾਈ ਦਾ ਸਫ਼ਰ।
ਭੱਠ ਪਏ ਲੋਹੇ ਤੋਂ ਹਥੌੜੇ ਦਾ ਸਫ਼ਰ।
ਕੁੱਲੀਆਂ ਤੋਂ ਮਹਿਲਾਂ ਦਾ ਸਫ਼ਰ।
ਕੱਖਾਂ-ਕਾਨਿਆਂ ਤੋਂ ਇੱਟਾਂ ਦਾ ਸਫ਼ਰ
ਬੇਹੇ-ਟੁੱਕਰਾਂ ਤੋਂ ਸ਼ਾਹੀ ਖਾਣਿਆਂ ਦਾ ਸਫ਼ਰ।
ਤੇ ਸਮਝੋਗੇ ਉਨ੍ਹਾਂ ਦੇ ਲਾਰਿਆਂ ਨੂੰ,
ਦੰਭੀ ਸਿਆਸਤ ਦੀ ਚਾਲ।
ਤੇ ਝੂਠੇ ਲਾਰਿਆਂ ਤੋਂ ਬਚਕੇ,
ਕਰੋਗੇ ਸੱਚਾਈ ਦੀ ਭਾਲ।
ਤੇ ਤੋੜੋਗੇ ਇਸ ਢਾਂਚੇ ਨੂੰ,
ਜੋ ਕੱਚ ਦਾ ਬਣਿਆ ਹੈ।
ਜਿਸ ਇਹ ਸਭ ਕੁਝ ਜਣਿਆ ਹੈ।



## ਔਜ਼ਾਰ

ਅੱਜ ਦੀ ਖ਼ਬਰ
25 ਸਾਲਾ ਫ਼ੌਜੀ ਨੌਜਵਾਨ
ਜੰਗ'ਚ ਸ਼ਹੀਦ ਹੋ ਗਿਆ
ਮ੍ਰਿਤਕਾਂ'ਚ ਵਾਧਾ
ਗਿਣਤੀ ਪਹੁੰਚੀ ਲੱਗਭਗ ਤਿੰਨ ਸੌ ਸਤਾਈ
ਅਫਗਾਨ ਦੀ ਜੰਗ ਵਿੱਚ।

ਜੰਗ ਚਾਹੇ ਅਫਗਾਨ
ਇਰਾਕ, ਵੀਅਤਨਾਮ, ਫ਼ਲਸਤੀਨ
ਜਾਂ ਆਦਿਵਾਸੀਆਂ ਦੀ ਹੋਵੇ।
ਅਹੂਤੀ ਤਾਂ ਦਿੰਦੇ ਹਨ
ਲਵੀ ਉਮਰੇ ਫੌਜੀ,
ਭੈਣਾਂ ਦੇ ਵੀਰ,
ਮਾਂ-ਪਿਉ ਦੀ ਡੰਗੋਰੀ
ਨਿੱਕੇ ਨਿੱਕੇ ਬੱਚਿਆਂ ਦਾ ਸਾਇਆ।

ਸ਼ਾਂਤੀ ਦਾ ਪਾਠ ਪੜ੍ਹਾਉਣ ਵਾਲੇ
ਕਰਦੇ ਨੇ ਸਾਂਝੀਗਿਰੀ
ਹਿੰਸਾ ਦੇ ਪੁਜਾਰੀਆਂ ਦੇ ਨਾਲ਼।
ਕਰਦੇ ਨੇ ਦਾਅਵੇ
ਅਹਿੰਸਾ ਪਰਮੋ ਧਰਮ ਹੈ।
ਜੰਗ'ਚ ਮੋਏ ਫ਼ੌਜੀ ਦੀ

ਅਹਿਮੀਅਤ ਵੱਧ ਨਹੀਂ ਹੁੰਦੀ
ਇੱਕ ਜੰਗੀ ਔਜ਼ਾਰ ਤੋਂ।
ਫ਼ੌਜਾਂ ਤੇ ਔਜਾਰਾਂ ਨੇ ਆਪਸ ਵਿੱਚ ਭਿੜਨਾ ਹੈ।
ਔਰਤਾਂ, ਬੱਚੇ ਤੇ ਨਿਹੱਥਿਆਂ ਨੇ ਮਰਨਾ ਹੈ
ਤਬਾਹੀ ਨੇ ਆਪਣਾ ਕੰਮ ਕਰਨਾ ਹੈ
ਮਨੁੱਖਤਾ ਨੇ ਜੁਲਮ ਦੇ ਹੱਥੋਂ ਹਰਨਾ ਹੈ।

ਪੈਣੇ ਹਨ ਕੜਵੱਲ
ਜੰਗ ਦੇ ਘੁੱਗੂ ਵੱਜਣ 'ਤੇ
ਮਾਂ ਦੇ ਕਲੇਜੇ ਵਿੱਚ
ਸੁਬਕੇਗੀ ਮਹਿਬੂਬਾ
ਰਜਾਈ ਵਿੱਚ ਮੂੰਹ ਦੇ ਕੇ
ਭਰੇਗੀ ਆਹ ਭੈਣ
ਹੱਥ ਵਿੱਚ ਕੱਚਾ ਧਾਗਾ ਫੜਕੇ
ਸਜਾਈ ਅਰਥੀ ਦੇਖ ਕੇ
ਰੋਂਦਾ ਹੈ ਭਰਾ ਟੁੱਟੀ ਬਾਂਹ ਨੂੰ।
ਇਹ ਹਿੰਸਾ ਦੇ ਦਲਾਲ
ਕਰਦੇ ਨੇ ਇੱਕ ਹੋਰ ਜੰਗ ਦਾ ਐਲਾਨ।
ਇਰਾਕ, ਲਾਲਗੜ੍ਹ, ਪਾਕਿਸਤਾਨ
ਫਲਸਤੀਨ ਜਾਂ ਅਫਗਾਨਸਤਾਨ
ਲੋੜ ਹੈ ਭਰਤੀ ਦੀ
ਜੰਗ ਵਿੱਚ ਫੌਜੀਆਂ ਦੀ
ਨਵੇਂ ਹੋਰ ਔਜਾਰਾਂ ਦੀ ਜੋ
ਭਿੜ ਸਕਣ, ਮਰ ਸਕਣ
ਕੁਰਬਾਨ ਹੋ ਸਕਣ
ਪਰ ਦੇਖ ਨਾ ਸਕਣ
ਐਲਾਨੀਆ ਕੌਣ ਹੈ?
ਕਿਸ ਮਿੱਟੀ ਦਾ ਬਣਿਆ ਹੈ?



## ਮਖੌਟਿਆਂ ਦੇ ਆਰ ਪਾਰ

ਉਹ ਦਿਸਦਾ ਹੈ ਫ਼ਿਕਰਮੰਦ
ਸਾਰੀ ਦੁਨੀਆਂ ਲਈ
ਪਰਚਾਰਦਾ ਹੈ
"ਅਮਨ ਤੇ ਸ਼ਾਂਤੀ"
ਹਰ ਦੇਸ਼ ਵਿੱਚ
ਦੁਨੀਆਂ ਦੇ ਹਰ ਖਿੱਤੇ ਵਿੱਚ।

ਜਦੋਂ 'ਸ਼ਾਂਤੀ' ਦਾ ਧੂ-ਤੂ ਉਠਾ ਕੇ
ਪਹੁੰਚਦਾ ਹੈ ਦੂਸਰੇ ਦੇਸ਼ ਦੀ ਹੱਦ ਵਿੱਚ

ਤਾਂ ਬਾਰੂਦਾਂ, ਬੰਬਾਂ ਤੇ
ਟੈਂਕਾਂ ਨਾਲ ਲੈਸ ਹੋ ਕੇ
ਦਿੰਦਾ ਹੈ ਗਵਾਹੀ ਅਮਨ ਦੀ
ਹੋਵੇ ਇਰਾਕ, ਅਫ਼ਗਾਨਿਸਤਾਨ
ਫਲਿਸਤੀਨ ਜਾਂ ਪਾਕਿਸਤਾਨ।
"ਅਮਨ ਤੇ ਸ਼ਾਂਤੀ" ਦੇ ਮੂੰਹ ਵਿੱਚ
ਤੁੰਨ੍ਹਦਾ ਹੈ ਬਾਰੂਦ ਦੀ ਕੂਨੀਨ।
ਕਰਨਾ ਚਾਹੁੰਦਾ ਹੈ ਅਲੋਪ
ਸ਼ਬਦ ਕੋਸ਼ ਵਿੱਚੋਂ ਇਹ
ਅਮਨ ਤੇ ਸ਼ਾਂਤੀ ਜਿਹੇ ਸ਼ਬਦ।

ਚਾੜ੍ਹਦਾ ਹੈ ਪਰਤ ਪੁਸਤਕਾਂ 'ਤੇ
ਬਾਰੂਦੀ ਧੂੰਏਂ ਦੀ
ਰੌਂਦਦਾ ਹੈ ਖੇਤਾਂ ਵਿੱਚ ਬੀਜੇ
ਉਨ੍ਹਾਂ ਦੇ ਹੁਸੀਨ ਸੁਪਨੇ
ਫ਼ੌਜੀ ਬੂਟਾਂ ਦੇ ਕਿੱਲਾਂ 'ਤੇ
ਟੈਂਕਰਾਂ ਹੇਠਾਂ।
ਰੋਲ਼ਦਾ ਹੈ ਬੁੱਢੀਆਂ ਮਾਂਵਾਂ ਦੀਆਂ
ਅੱਖਾਂ ਦੇ ਚਿਰਾਗ਼
ਸੱਜ ਵਿਆਹੀਆਂ ਦੇ ਸੁਹਾਗ
ਬਾਲਾਂ ਦੀਆਂ ਲੋਰੀਆਂ
ਨਿੱਕੇ ਨਿੱਕੇ ਬਸਤੇ



ਬਸਤਿਆਂ ਵਿੱਚ ਉਹਨਾਂ ਦਾ ਭਵਿੱਖ
ਕੋਹ ਸੁਟਦਾ ਹੈ
ਕੋਇਲਾਂ ਤੇ ਚਿੜੀਆਂ ਦੇ ਨਗਮੇ
ਮਿਹਨਤਾਂ ਨਾਲ ਬਣਾਏ ਘਰੌਂਦੇ।

ਦੇ ਜਾਂਦਾ ਹੈ,
ਦੁੱਖ, ਭੁੱਖ ਗ਼ਰੀਬੀ ਤੇ ਕੰਗਾਲੀ
ਲੰਬੇ ਲੰਬੇ ਵੈਣ ਤੇ ਕੀਰਨੇ
ਉਮਰ ਭਰ ਲਈ।
"ਅਮਨ ਤੇ ਸ਼ਾਂਤੀ" ਦੇ ਮਖੌਟੇ ਹੇਠ
ਲਾਉਂਦਾ ਹੈ ਹਥਿਆਰਾਂ ਦੀ ਬੋਲੀ
ਬਾਰੂਦ ਦੀ ਭੱਠੀ ਤੇ
ਬਿਠਾਉਂਦਾ ਹੈ ਲੋਕਾਂ ਨੂੰ।

ਸੰਸਾਰੀਕਰਣ ਦੀ ਮੰਡੀ ਦੀ
ਗੋਦ ਵਿੱਚ ਬਹਿ
ਕਰਦਾ ਹੈ "ਅਮਨ ਤੇ ਸ਼ਾਂਤੀ" ਜਿਹੇ
ਸ਼ਬਦਾਂ ਨਾਲ ਟਿੱਚਰਾਂ
ਇਹ ਭਲਾ ਕੌਣ ਹੈ?
ਦੁਨੀਆਂ ਦੀ ਸਭ ਤੋਂ
ਵੱਡੀ ਤਾਕਤ ਅਮਰੀਕਾ
ਮਨੁੱਖੀ ਹੱਕਾਂ ਦਾ ਪਹਿਰੇਦਾਰ ?